ੴ

ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ।।

# ਭਾਈ ਘਨੱਈਆ

# ਸੇਵਾ ਜੋਤੀ

ਫ਼ਰਵਰੀ 2002



ਮਹੰਤ ਬਾਬਾ ਤੀਰਥ ਸਿੰਘ ਜੀ 'ਸੇਵਾ ਪੰਥੀਂ' ਨੂੰ
ਸਮੂਹ ਸਾਧ ਸੰਗਤ ਵੱਲੋਂ ਜਨਮ ਦਿਨ ਦੀਆਂ ਸ਼ੁੱਭ ਕਾਮਨਾਵਾਂ (12 ਫਰਵਰੀ 2002)

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ।।



ਮਹਾਨ ਸੰਤ ਸਮੇਲਨ ਵਿੱਚ ਸ਼ੁਸੋਭਿਤ (ਸੱਜੇ ਤੋਂ) ਸ਼੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਬੇਦੀ, ਮਹੰਤ ਚਮਕੌਰ ਸਿੰਘ ਜੀ, ਮਹੰਤ ਬਾਬਾ ਤੀਰਥ ਸਿੰਘ ਜੀ, ਸੰਤ ਕਾਹਨ ਸਿੰਘ ਜੀ, ਮਹੰਤ ਪ੍ਰਿਤਪਾਲ ਸਿੰਘ ਜੀ ਮਹੰਤ ਬਲਵੀਰ ਸਿੰਘ ਜੀ, ਮਹੰਤ ਪ੍ਰੀਤਮ ਸਿੰਘ ਜੀ, ਮਹੰਤ ਸੁਰਿੰਦਰ ਸਿੰਘ ਜੀ ।



ਸ਼੍ਰੀਮਾਨ ਮਹੰਤ ਬਾਬਾ ਤੀਰਥ ਸਿੰਘ ਜੀ ਅਤੇ ਸ਼੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਬੇਦੀ ਸੰਤ ਸਮੇਲਨ ਨੂੰ ਸੰਬੋਧਨ ਕਰਦੇ ਹੋਏ । ਮਹੰਤ ਹਰੀਸ਼ ਦਾਸ ਸ਼ਾਸ਼ਤਰੀ ਅਤੇ ਮਹੰਤ ਹਰਨਾਮ ਸਿੰਘ ਜੀ ਸਟੇਜ ਤੇ ਹਾਜ਼ਰ ਹਨ ।



ਸੰਤ ਭਾਈ ਕਾਹਨ ਸਿੰਘ ਜੀ, ਮਹੰਤ ਦਿਲਬਾਗ ਸਿੰਘ ਜੀ ਅਤੇ ਸੰਤ ਭੁਪਿੰਦਰ ਸਿੰਘ ਜੀ ਸੰਤ ਸਮੇਲਨ ਦੌਰਾਨ ਸੰਗਤਾਂ ਨੂੰ ਪ੍ਰਵਚਨ ਸਰਵਣ ਕਰਵਾਉਂਦੇ ਹੋਏ ।

੧ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 19ਵਾਂ ਅੰਕ ਨੰ:2 ਫ਼ਰਵਰੀ 2002 ਕੀਮਤ : ਅਮੁੱਲ

ਮੁੱਖ ਸਰਪ੍ਰਸਤ : ਸੰਤ ਬਾਬਾ ਤੀਰਥ ਸਿੰਘ 'ਸੇਵਾ ਪੰਥੀ'। ਮੋਬਾਇਲ : 98140-32957

ਸਰਪ੍ਰਸਤ : ਸੰਤ ਭਾਈ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ 263333, ਮੋਬਾ: 98140-04503, ਮਹੰਤ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਭਾਈ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਗੁਰਚਰਨ ਸਿੰਘ ਮੋਬਾ: 98140-02004, ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫੋਨ : 262276 ਮੋਬਾ: 98140-35191, ਸ੍ਰ: ਤ੍ਰਿਲੋਚਣ ਸਿੰਘ ਸੇਠੀ ਮੁੰਬਈ।

ਮੁੱਖ ਸਲਾਹਕਾਰ : ਸ੍ਰ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ, ਸ੍ਰ: ਨਰਿੰਦਰ ਸਿੰਘ 'ਸੋਚ' ਅੰਮ੍ਰਿਤਸਰ, ਸੁਰਜਨ ਸਿੰਘ ਘੁਲਿ: ਮੋਬਾ: 98140-94817, ਸਰਦਾਰਨੀ ਭੁਪਿੰਦਰ ਕੌਰ ਪਤਨੀ ਸ੍ਰ: ਜੀ ਐਸ ਬਜਾਜ ਦਿੱਲੀ, ਸ੍ਰ: ਜਸਪਾਲ ਸਿੰਘ ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ।

ਸੰਪਾਦਕੀ ਬੋਰਡ ਮੁੱਖ ਸੰਪਾਦਕ : ਚਮਨ ਸਿੰਘ "ਚਮਨ" ਮੋਬਾ : 98140-75504

Internet Edition Editor : ਭੁਪਿੰਦਰ ਸਿੰਘ ਸੇਵਾ-ਪੰਥੀ Ph. 262657

ਸ: ਸੰਪਾਦਕ : ਅਮਰਜੀਤ ਸਿੰਘ "ਮਾਛੀਵਾੜਾ" Ph. 262051

## ਤਤਕਰਾ


| ਲੜੀ ਨੰ: | ਲੋਅ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|---|
| 1. | ਫਲਗੁਣਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਗੁਰਮੀਤ ਕੌਰ 'ਮੀਤ' | 2 |
| 2. | ਸੰਪਾਦਕੀ | ਚਮਨ ਸਿੰਘ 'ਚਮਨ' | 3 |
| 3. | 52ਵੀਂ ਬਰਸੀ ਸੰਬੰਧੀ ਪ੍ਰੋਗਰਾਮ(ਸੰਤ ਕਾਹਨ ਸਿੰਘ ਜੀ) | ਮੈਨੇਜਰ ਇੰਦਰਜੀਤ ਸਿੰਘ | 5 |
| 4. | ਸਾਲਾਨਾ ਕੀਰਤਨ-ਸਮਾਗਮ (ਹੁਸ਼ਿਆਰਪੁਰ) | ਮਹੰਤ ਪ੍ਰਿਤਪਾਲ ਸਿੰਘ 'ਸੇਵਾ ਪੰਥੀ' | 7 |
| 5. | ਪ੍ਰੋਗਰਾਮ ਪ੍ਰਚਾਰ-ਯਾਤਰਾ (ਮਹੰਤ ਜੀ) | ਮੈਨੇਜਰ ਇੰਦਰਜੀਤ ਸਿੰਘ ਖ਼ੁਰਾਣਾ | 8 |
| 6. | ਕਥਾ ਸੁਖਮਨੀ ਸਾਹਿਬ (ਕਿਸ਼ਤ ਨੰ: ੫੫) | ਤੀਰਥ ਸਿੰਘ 'ਸੇਵਾ ਪੰਥੀ' | 9 |
| 7 | ਕਥਾ ਸੋ ਦਰੁ ਰਹਿਰਾਸ ਸਾਹਿਬ(ਕਿਸ਼ਤ ਨੰ: ੩੦) | ਕਾਹਨ ਸਿੰਘ 'ਸੇਵਾ ਪੰਥੀ' | 11 |
| 8. | ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ | ਭਾਈ ਨੰਦ ਲਾਲ ਜੀ 'ਗੋਯਾ' | 13 |
| 9. | ਦੀਨ ਦੁਖੀ ਦੇ ਮਾਲਕ | ਪ੍ਰੋ: ਭੁਪਿੰਦਰ ਸਿੰਘ | 14 |
| 10. | ਸੰਤ ਬਾਬਾ ਜਵਾਹਰ ਸਿੰਘ ਜੀ 'ਸੇਵਾ ਪੰਥੀ' | ਸੰਤ ਅਜੀਤ ਸਿੰਘ | 19 |
| 11. | ਸੰਤ ਗਿਆਨੀ ਸੁੰਦਰ ਸਿੰਘ | ਕਰਨੈਲ ਸਿੰਘ | 21 |
| 12. | ਮਹੰਤ ਸਾਹਿਬ ਜੀ ਦੇ ਜਨਮ ਦਿਨ ਤੇ ਲੱਖ-੨ ਵਧਾਈ | ਹਰਵਿੰਦਰ ਸਿੰਘ 'ਟੀਟੂ' | 23 |
| 13. | ਭਗਤ ਰਵਿਦਾਸ ਰੱਬ ਦੇਖਿਆ ਕਿਵੇਂ ? | ਅਨਮੋਲ ਸਾਖੀਆਂ ਵਿਚੋਂ | 24 |
| 14. | ਲੰਗਰ | ਨਿਰਮਲ ਸਿੰਘ 'ਨੂਰ' | 28 |
| 15. | ਸਾਧੂ, ਸੰਤ, ਮਹਾਂਪੁਰਸ਼ | ਉਤਮਜੀਤ ਕੌਰ ਸਿਆਲੀ | 31 |
| 16. | 190 ਸਾਲਾ ਯੱਗ-ਸਮਾਗਮ ਦਾ ਵਿਵਰਣ | ਸਹਾਇਕ ਸੰਪਾਦਕ | 34 |
| 17. | ਬਬਾਣੀਯਾਂ ਕਹਾਨੀਯਾਂ | ਜੋਗਿन्दर ਸਿੰਘ ਸਾਗਰ | 36 |
| 18 | ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ | ਜੋਗਿੰਦਰ ਸਿੰਘ ਸਾਗਰ | 39 |
| 19. | ਵਰ-ਘਰ | ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' | 40 |

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

# ਫਲਗੁਣਿ

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥

| | | | | |
|---|---|---|---|---|
| ਸੰਮਤ ਬਿਕ੍ਰਮੀ | 2058 | ਗੁਰਪੁਰਬ ਤੇ | ਸੰਗਰਾਂਦ | 12 ਫ਼ਰਵਰੀ |
| ਸੰਮਤ ਨਾਨਕਸ਼ਾਹੀ | 533 | ਵਿਸ਼ੇਸ਼ ਦਿਵਸ | ਮੱਸਿਆ | 12 ਫ਼ਰਵਰੀ |
| ਸੰਮਤ | 303 | ਫ਼ਰਵਰੀ | ਪੰਚਮੀ | 17 ਫ਼ਰਵਰੀ |
| ਸੰਮਤ ਸਾਕਾ | 1923 | 2002 | ਪੂਰਨਮਾਸ਼ੀ | 27 ਫ਼ਰਵਰੀ |

- ਅਵਤਾਰ ਪੁਰਬ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ — 25 ਫ਼ਰਵਰੀ ਸੋਮਵਾਰ
- ਸ਼: ਦਿਨ ਬਾਬਾ ਦੀਪ ਸਿੰਘ ਜੀ ਸ਼ਹੀਦ (ਅੰਮ੍ਰਿ:) — 10 ਫ਼ਰਵਰੀ ਐਤਵਾਰ
- ਸ਼: ਸਾਕਾ ਸ੍ਰੀ ਨਨਕਾਣਾ ਸਾਹਿਬ ਜੀ ਗੰਗਸਰ ਜੈਤੋ — 21 ਫ਼ਰਵਰੀ ਸੋਮਵਾਰ
- ਬ: ਬਾ. ਜਵਾਹਰ ਸਿੰਘ ਜੀ ਮਿੱਠੇ ਟਿਵਾਣੇ ਵਾਲੇ (ਹੁਸ਼ਿ:) — 26 ਫ਼ਰਵਰੀ ਮੰਗਲਵਾਰ
- ਜਨਮ ਦਿਨ ਭਗਤ ਰਵਿਦਾਸ ਜੀ — 27 ਫ਼ਰਵਰੀ ਬੁੱਧਵਾਰ

ਸੰਪਾਦਕੀ

# ਨਾਮ ਸਿਮਰਨ ਦੀ ਮਹਿਮਾ

ਨਾਮ ਬਾਣੀ ਵਿੱਚ ਰੱਤੇ ਮਹਾਂਪੁਰਖ ਸੰਤ ਬਾਬਾ ਰਾਮ ਸਿੰਘ ਜੀ ਨਾਨਕਸਰ ਸੀਂਗੜਾ ਵਾਲਿਆਂ ਨੇ ਸਾਲਾਨਾ ਯੱਗ-ਸਮਾਗਮ ਦੇ ਸ਼ੁੱਭ ਅਵਸਰ ਤੇ ਲਗਾਤਾਰ ਚਾਰ ਦਿਨ ਸਵੇਰੇ ਵੇਲੇ 'ਨਾਮ ਸਿਮਰਨ ਅਭਿਆਸ' ਨਾਲ ਸੰਗਤਾਂ ਨੂੰ ਜੋੜਿਆ, ਜਿਨ੍ਹਾਂ ਰਸ ਮਾਣਿਆ ਨਿਹਾਲੋ-ਨਿਹਾਲ ਹੋ ਗਏ। ਨਾਮ ਸਿਮਰਨ ਅਭਿਆਸੀਆਂ ਨੇ ਸਤਿਸੰਗਤ ਕਰ ਕੇ ਅਜਿਹਾ ਅਨੁਭਵ ਕੀਤਾ ਜਿਵੇਂ ਉਹ ਸਾਕਾਰ ਸੱਚ-ਖੰਡ ਦੇ ਦਰਸ਼ਨ ਕਰ ਆਏ ਹੋਣ, ਤੇ ਉਨ੍ਹਾਂ ਨੂੰ ਕਿਸੇ ਗੁੱਝੇ ਭੇਦ ਦੀ ਸੋਝੀ ਹੋ ਗਈ ਹੋਵੇ ਜਾਂ ਨਾਮ ਸਿਮਰਨ ਦੀ ਕੀ ਲੋੜ ਹੈ ? ਤੇ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਫ਼ਿਲਾਸਫ਼ੀ ਦੀ ਗੁਰੂ ਕਿਰਪਾ ਦੁਆਰਾ ਸਹਿਜ-ਸੁਭਾਅ ਸਮਝ ਪੈ ਗਈ ਹੋਵੇ। ਸਚਾਈ ਹੈ ਸਭ ਨੇ ਨਾਮ ਸਿਮਰਨ ਦਾ ਬੜਾ ਅਨੰਦ ਮਾਣਿਆ। ਵੈਸੇ "ਨਾਮ" ਅੱਖਰ ਦੇ ਕਿਤਨੇ ਵਿਸ਼ਾਲ ਅਰਥ ਹਨ ਅਤੇ ਨਾਮ ਸਿਮਰਨ ਦੀ ਕਿਤਨੀ ਵਿਸ਼ਾਲ ਸ਼ਕਤੀ ਹੈ, ਇਸ ਦਾ ਮੁਕੰਮਲ ਬਿਆਨ ਇਤਨਾ ਅਸੰਭਵ ਹੈ ਜਿਤਨਾ ਰੱਬ ਜਾਂ ਰੱਬੀ ਸ਼ਕਤੀ ਦਾ ਬਿਆਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਤੁਕ 'ਨਾਨਕ ਨਾਮੁ ਮਿਲੈ ਤਾਂ ਜੀਵਾਂ' ਲਿਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾਮ ਦੀ ਮਹਿਮਾ ਦਰਸਾ ਦਿੱਤੀ ਹੈ ਕਿ ਬਗੈਰ ਨਾਮ ਤੋਂ ਜਿਤਨੇ ਭੀ ਅਸੀਂ ਸਾਹ ਲੈਂਦੇ ਹਾਂ, ਉਹ ਲੁਹਾਰ ਦੀ ਧੌਂਕਨੀ ਵਾਂਗ ਹਨ। ਤਨੁ ਮਨੁ ਹਰਿਆ, ਨਾਮ ਨਾਲ ਹੀ ਥੀਣਾ ਹੈ। ਫਿਰ ਅਸੀਂ ਜਦ ਰੋਜ਼ ਅਰਦਾਸ ਦੇ ਅੰਤ ਰਲ ਕੇ 'ਨਾਨਕ ਨਾਮ ਚੜਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ' ਕਹਿੰਦੇ ਹਾਂ ਤਾਂ ਉਸ ਦਾ ਭੀ, ਇਹੀ ਭਾਵ ਹੈ ਕਿ ਚੜ੍ਹਦੀ ਕਲਾ ਨਾਮ ਨੇ ਹੀ ਰੱਖਣੀ ਹੈ। ਨਾਮ ਪਾਸ ਹੁੰਦਿਆ ਕਦੇ ਕਲਾ ਢਿੱਲੀ ਨਹੀਂ ਪੈ ਸਕਦੀ, ਢਹਿ ਨਹੀਂ ਸਕਦੀ ਸਦਾ ਚੜ੍ਹਦੀ ਕਲਾ ਰਹੇਗੀ। ਜਿਸ ਅੱਗੇ ਕੱਖ, ਕਾਨੇ, ਪਾਪ, ਬਲੀਆਂ, ਜ਼ੋਰ ਜ਼ੁਲਮ ਸਭ ਨੱਸ ਖੜੋਂਦੇ ਹਨ। ਗੱਲ ਕੀ ਸਰਬ ਕਲਾ ਸੰਪੂਰਨ ਰਹਿੰਦਾ ਹੈ ਨਾਮ ਵਾਲਾ ਮਨੁੱਖ।

ਗੁਰੂ ਘਰ ਦੀ ਸਭ ਤੋਂ ਵੱਡੀ ਵਡਿਆਈ ਹੈ ਕਿ ਨਾਮ ਖਜਾਨੇ ਨੂੰ ਇਕ ਥਾਂ ਗੁਰੂ ਗ੍ਰੰਥ ਸਾਹਿਬ ਵਿੱਚ ਇਕੱਠਾ ਕਰ ਦਿੱਤਾ ਹੈ। ਭਲਾ ਜ਼ਰਾ ਤੱਕੋ, ਬਾਬਾ ਫ਼ਰੀਦ ਜੀ ਵੱਲ ਭਾਵੇਂ ਉਨ੍ਹਾਂ ਦਾ ਕੋਈ ਅਕੀਦਾ ਸੀ ਪਰ ਕਹਿੰਦੇ ਇਹੀ ਸਨ : ਵਿਸਰਿਆ ਜਿਨ ਨਾਮੁ ਕੇ ਭੁਇ ਭਾਰ ਥੀਏ। ਫ਼ਰੀਦ ਜੀ ੧੧ਵੀਂ ਸਦੀ ਵਿੱਚ ਹੋਏ ਸਨ, ਗੁਰੂ ਨਾਨਕ ਪਾਤਸ਼ਾਹ ਤੋਂ ਤਿੰਨ ਸਦੀਆਂ ਪਹਿਲਾਂ। ਨਾਮਦੇਵ ਜੀ ਜੋ ਬਾਰ੍ਹਵੀਂ ਸਦੀ ਵਿੱਚ ਹੋਏ ਪਰ ਫ਼ਰਮਾਉਂਦੇ ਇਹ ਹੀ ਸਨ :

**ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥**

ਭਗਤ ਰਵਿਦਾਸ ਜੀ ਜੋ ਪੰਦਰ੍ਹਵੀਂ ਸਦੀ ਵਿੱਚ ਹੋਏ ਉਹ ਤਾਂ ਬਚਨ ਹੀ ਇੱਕ ਕਰਦੇ ਹਨ ਕਿ ਨਾਮ ਦਾ ਸਿਮਰਨ ਆਰਤੀ ਹੈ, ਤੀਰਥ ਇਸ਼ਨਾਨ ਹੈ ਅਤੇ ਨਾਮ ਤੋਂ ਬਿਨ੍ਹਾਂ ਸਭ ਸੰਸਾਰਿਕ ਖਿਲਾਰੇ ਝੂਠੇ ਹਨ। ਕੇਸਰ ਛਿੜਕਣਾ, ਚੰਦਨ ਘਿਸਾਉਣਾ, ਬੱਤੀ ਵੱਟਣੀ ਸਭ ਵਿਚੇ ਹੀ ਆ ਗਏ ਜਦ ਨਾਮ ਮਿਲ ਗਿਆ।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ ॥ (ਪੰਨਾ ੬੯੪)

ਕਬੀਰ ਜੀ ਮਨ ਦਾ ਧਨ ਸਿਵਾਏ ਨਾਮ ਤੋਂ ਗਿਣਦੇ ਹੀ ਨਹੀਂ।

ਕਹਤ ਕਬੀਰ ਅਵਰ ਨਹੀਂ ਕਾਮਾ ॥
ਹਮਰੈ ਮਨ ਧਨ ਰਾਮ ਕੋ ਨਾਮਾ ॥ (ਪੰਨਾ ੬੯੨)

ਅਤੇ ਸਾਡੇ ਘਰ ਤਾਂ ਕੇਵਲ ਨਾਮ ਹੀ ਹੈ। ਨਾਮ ਦੀ ਬੁਨਿਆਦ ਤੋਂ ਬਿਨਾਂ ਚੱਜ-ਆਚਾਰ (Culture and Civilization) ਦੀ ਦੀਵਾਰ ਖੜ੍ਹੀ ਨਹੀਂ ਰਹਿ ਸਕਦੀ।

ਨਾਮ ਬਿਨਾ ਕੈਸੇ ਆਚਾਰ ॥ (ਪੰਨਾ ੧੩੩੦)

ਸਿਮਰਨ ਕਰਦਿਆਂ ਜਦ 'ਵਾਹਿਗੁਰੂ' ਦੀ ਹੋਂਦ ਦਾ ਪ੍ਰਕਾਸ਼ ਹਿਰਦੇ ਹੋ ਜਾਂਦਾ ਹੈ ਤਾਂ ਉਸ ਨੂੰ ਨਾਮ ਪ੍ਰਗਟ ਹੋਣਾ ਕਹਿੰਦੇ ਹਨ। ਨਾਮ, ਵਾਹਿਗੁਰੂ ਦੇ ਸਮੂਹ ਗੁਣਾਂ ਦਾ ਲਿਸ਼ਕਾਰਾ ਹੈ, ਜੋ ਮਨ ਤੇ ਪੈ ਕੇ ਜੀਵ ਨੂੰ ਸਰਬ ਗੁਣਾਂ ਵਾਲਾ ਬਣਾ ਦਿੰਦਾ ਹੈ। ਹਰ ਜੀਵ ਅੰਦਰ ਨਾਮ ਅੰਮ੍ਰਿਤ ਦਾ ਖੂਹ ਵਾਹਿਗੁਰੂ ਨੇ ਲਗਾਇਆ ਹੈ। ਪਰ ਪਾਇਆ ਕੇਵਲ ਸ਼ਬਦ ਰਾਹੀਂ ਜਾ ਸਕਦਾ ਹੈ। ਹੁਕਮ ਹੈ:

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥ (ਪੰਨਾ ੫੭੦)

ਇਹ ਯਾਦ ਰਹੇ ਕਿ ਨਾਮ ਕੋਈ ਨਿਰਜਿੰਦ ਸ਼ੈ ਨਹੀਂ ਹੈ, ਜਾਗਤ ਜੋਤ ਅੰਦਰ ਪ੍ਰਗਟ ਹੋ ਜਾਂਦੀ ਹੈ ਤੇ ਸਭ ਪਾਸੇ ਹਰਕਤ ਛਿੜ ਜਾਂਦੀ ਹੈ।

ਨਾਮੁ ਹਮਾਰੈ ਅੰਤਰਜਾਮੀ ॥
ਨਾਮੁ ਹਮਾਰੈ ਆਵੈ ਕਾਮੀ ॥ (ਪੰਨਾ ੧੧੪੪)

ਇਹ ਜੈਨਰੇਟਿੰਗ ਫੋਰਸ ਹੈ। ਨਾਮ ਇਸ ਤਰ੍ਹਾਂ ਬਹੁੜਦਾ ਹੈ ਜਿਵੇਂ ਡੁਬਦੇ ਨੂੰ ਬੇੜੀ ਮਿਲ ਜਾਵੇ ਜਾਂ ਬੁਝਦੇ ਦੀਵੇ ਵਿੱਚ ਤੇਲ ਪਾ ਦਿੱਤਾ ਜਾਵੇ।

ਬੂਡਤ ਕਉ ਜੈਸੇ ਬੇੜੀ ਮਿਲਤ ॥
ਬੂਝਤ ਦੀਪਕ ਮਿਲਤ ਤਿਲਤ ॥ (ਪੰਨਾ ੬੮੭)

ਨਾਮ ਇਸ ਤਰ੍ਹਾਂ ਸਹਾਈ ਹੁੰਦਾ ਹੈ ਜਿਵੇਂ ਰਣ ਮਹਿ ਸਖਾ ਭ੍ਰਾਤ ॥ ਨਾਮ ਰੱਖਿਆ ਇਵੇਂ ਕਰਦਾ ਹੈ ਜਿਵੇਂ ਕੋਈ ਸ਼ੇਰ ਦੀ ਸ਼ਰਨ ਵਿੱਚ ਚਲਾ ਜਾਏ ਤੇ ਗਿੱਦੜ ਦੇ ਡਰ ਮੁੱਕ ਜਾਣ

ਜੈਸੇ ਪਾਲਨ ਸਰਨਿ ਸੇਂਘ ॥

ਨਾਮ ਧਨ ਹੈ। ਇਸ ਨੂੰ ਕਮਾਉਣਾ ਹੈ। ਕੰਨਾ ਵਿੱਚ ਜਾਂ ਲੁਕ ਛੁਪ ਕੇ ਚੋਰਾਂ ਵਾਂਗ ਨਹੀਂ ਲੈਣਾ ਜੋ ਮਨਮਤ ਹੈ। ਨਾਮ-ਪ੍ਰਾਪਤੀ ਦਾ ਸਰਲ ਵਸੀਲਾ ਨਾਮ ਸਿਮਰਨ ਅਭਿਆਸ ਵਿੱਚੋਂ ਪ੍ਰਾਪਤ ਹੋ ਸਕਦਾ ਹੈ।

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਪੰਨਾ ੧੨)

ਨਾਮ ਦਾ ਜਾਚਕ
ਚਮਨ ਸਿੰਘ 'ਚਮਨ' ਸੰਪਾਦਕ

ਸੱਚ-ਖੰਡ ਵਾਸੀ ਸ੍ਰੀਮਾਨ ਮਹੰਤ ਭਾਈ ਗੁਲਾਬ ਸਿੰਘ ਜੀ 'ਸੇਵਾ ਪੰਥੀ' ਦੀ

## 52ਵੀਂ ਬਰਸੀ ਸੰਬੰਧੀ ਪ੍ਰਚਾਰ ਪ੍ਰੋਗਰਾਮ (ਸੰਤ ਕਾਹਨ ਸਿੰਘ ਜੀ)

ਮਿਤੀ 14 ਮਾਰਚ ਤੋਂ 4 ਅਪ੍ਰੈਲ (1 ਚੇਤਰ ਤੋਂ 22 ਚੇਤਰ) 2002 ਤੱਕ

| | | |
|---|---|---|
| 14-3-2002 | ਨਰਾਇਣਗੜ੍ਹ(ਹਰਿ:) | ਪਹੁੰਚ ਤੇ ਦੀਵਾਨ ਰਾਤ, ਸ: ਨਰਿੰਦਰਪਾਲ ਸਿੰਘ ਮੱਕੜ ਫੋਨ: 01731-84131 |
| 15-3-2002 | ਨਰਾਇਣਗੜ੍ਹ(ਹਰਿ:) | ਪਾਠ-ਸਮਾਪਤੀ ਤੇ ਯੱਗ ਸਮਾਗਮ, ਸ:ਸਤਨਾਮ ਸਿੰਘ ਦੇ ਗ੍ਰਹਿ ਵਿਖੇ। |
| 15-3-2002 | ਪਾਹੜੀਪੁਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ,ਗੁਰਦੁਆਰਾ ਸਾਹਿਬ। |
| 16-3-2002 | ਪਹਾੜੀਪੁਰ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 16-3-2002 | ਸੰਢੋਰਾ (ਯਮੁਨਾ ਨਗਰ) | ਪਹੁੰਚ ਤੇ ਦੀਵਾਨ ਰਾਤ, ਸ੍: ਭਗਵਾਨ ਸਿੰਘ ਦੇ ਗ੍ਰਹਿ |
| 17-3-2002 | ਫਿਰੋਜਪੁਰ (ਯਮੁਨਾਨਗਰ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 17-3-2002 | ਨਿਆਰਸੀ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 18-3-2002 | ਨਿਆਰਸੀ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ,ਫੋਨ : 858110 |
| 18-3-2002 | ਸ਼ਾਹਬਾਦ (ਹਰਿ:) | ਪਹੁੰਚ ਤੇ ਦੀਵਾਨ ਰਾਤ, ਸ: ਸਤਵਿੰਦਰ ਸਿੰਘ,ਫੋਨ : 40310 |
| 19-3-2002 | ਗੋਰਸੀਆਂ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 19-3-2002 | ਜਗੌਲੀ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 20-3-2002 | ਜਗੌਲੀ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ ਫੋਨ: 852139 |
| 20-3-2002 | ਦੁਰਗਾ ਨਗਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 21-3-2002 | ਦੁਰਗਾ ਨਗਰ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ ਸ: ਸ਼ੇਰ ਸਿੰਘ ਨਾਗਪਾਲ,ਦੁਰਗਾ ਨਗਰ, ਹਿਸਾਰ ਰੋਡ, |
| 21-3-2002 | ਭੀਲ ਛੱਪਰ (ਯ: ਨ:) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 22-3-2002 | ਭੀਲ ਛੱਪਰ (ਯ: ਨ:) | ਪਾਠ-ਸਮਾਪਤੀ ਤੇ ਯੱਗ-ਸਮਾਗਮ, ਫੋਨ: 73348 |
| 22-3-2002 | ਸਹਿਜਾਦਪੁਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ,ਸ: ਪ੍ਰੇਮ ਸਿੰਘ ਦੇ ਗ੍ਰਹਿ ਵਿਖੇ ਫੋਨ : 0171-31-77283 |
| 23-3-2002 | ਉਦੇਪੁਰ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ ਗੁਰਦੁਆਰਾ ਸਾਹਿਬ, ਫੋਨ : 01762-32228 |

| | | |
|---|---|---|
| 23-3-2002 | ਨੰਗਲ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 24-3-2002 | ਨੰਗਲ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ ਫੋਨ: **2855008** |
| 24-3-2002 | ਦੁਰਗਾ ਨਗਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਸ: ਅਮਰੀਕ ਸਿੰਘ ਫੋਨ : 2531866 ਘਰ |
| 25-3-2002 | ਦੁਰਗਾ ਨਗਰ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 25-3-2002 | ਸਹਾਰਨਪੁਰ | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਨਵੀਨ ਨਗਰ, ਦਿੱਲੀ ਰੋਡ। |
| 26-3-2002 | ਸਹਾਰਨਪੁਰ | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 26-3-2001 | ਕਰੇੜਾ (ਜ: ਨ:) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ ਫੋਨ : 0171-37-81209 |
| 27-3-2002 | ਕਰੇੜਾ (ਜ: ਨ:) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 27-3-2002 ਤੋਂ 28-3-2002 ਤੱਕ | ਯਮੁਨਾ ਨਗਰ (ਹਰਿ:) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 29-3-2002 | ਡੇਰਾ ਬਸੀ (ਪਟਿਆਲਾ) | ਪਹੁੰਚ ਤੇ ਦੀਵਾਨ ਰਾਤ,ਸੁਦਾਗਰ ਸਿੰਘ ਫੋਨ: **30386** |
| 30-3-2002 | ਡੇਰਾ ਬਸੀ (ਪਟਿਆਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ, |
| 30-3-2002 | ਮੁਸਤਫਾਬਾਦ (ਹਰਿ:) | ਪਹੁੰਚ ਤੇ ਦੀਵਾਨ ਰਾਤ, ਸ: ਰਣਜੀਤ ਸਿੰਘ ਦੇ ਗ੍ਰਹਿ ਵਿਖੇ, ਫੋਨ : 86150 |
| 31-3-2002 | ਮੁਸਤਫਾਬਾਦ (ਹਰਿ:) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 31-3-2002 | ਮੁੰਡੀ ਖਰੜ (ਰੋਪੜ) | ਪਹੁੰਚ ਤੇ ਦੀਵਾਨ ਰਾਤ, ਸ: ਭਗਵਾਨ ਸਿੰਘ ਤੇ ਸੁਰਜੀਤ ਸਿੰਘ ਦੇ ਗ੍ਰਹਿ, ਫੋਨ : 248589 |
| 1-4-2002 | ਮੁੰਡੀ ਖਰੜ (ਰੋਪੜ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 1-4-2002 | ਮਾਛੀਵਾੜਾ | ਪਹੁੰਚ ਤੇ ਦੀਵਾਨ ਰਾਤ, ਡੇਰਾ ਮਹੰਤ ਗੁਲਾਬ ਸਿੰਘ |
| 2-4-2002 | ਮਾਛੀਵਾੜਾ | ਪਾਠ-ਸਮਾਪਤੀ ਤੇ ਯੱਗ-ਸਮਾਗਮ ਬ: ਮਹੰਤ ਭਾਈ ਗੁਲਾਬ ਸਿੰਘ/ ਸੰਤ ਹਰੀ ਸਿੰਘ ਦੀ ਯਾਦ ਵਿੱਚ। ਫੋਨ : 50142 (R) |
| 3-4-2002 | ਚੱਕੀ (ਮਾਛੀਵਾੜਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 4-4-2002 | ਮਿੱਠੇਵਾਲ (ਮਾਛੀਵਾੜਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ ਗੁਰਦੁਆਰਾ ਸਾਹਿਬ। |

ਸ਼੍ਰੀਮਾਨ ਸੰਤ ਬਾਬਾ ਜਵਾਹਰ ਸਿੰਘ ਜੀ ਤੇ
ਸ਼੍ਰੀਮਾਨ ਸੰਤ ਤਾਰਾ ਸਿੰਘ ਜੀ ਦੀ ਯਾਦ ਵਿੱਚ

# ਸੇਵਾ ਅਸਥਾਨ
# ਡੇਰਾ ਹਰੀ ਭਗਤਪੁਰਾ ਮਿੱਠਾ ਟਿਵਾਣਾ

ਮਾਡਲ ਟਾਊਨ, ਹੁਸ਼ਿਆਰਪੁਰ (ਪੰਜਾਬ) ਵਿਖੇ
ਮਿਤੀ 10, 11, 12 ਫ਼ਰਵਰੀ 2002 ਦਿਨ ਐਤਵਾਰ, ਸੋਮਵਾਰ ਤੇ ਮੰਗਲਵਾਰ ਨੂੰ

## ਗੁਰਮਤਿ ਕੀਤਰਨ ਸਮਾਗਮ

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਬਖਸ਼ਿਸ਼ ਪ੍ਰਾਪਤ ਭਾਈ ਘਨੱਈਆ ਸਾਹਿਬ ਤੋਂ ਵਰੋਸਾਏ ਹੋਏ ਮਹਾਂਪੁਰਖ ਸੰਤ ਬਾਬਾ ਜਵਾਹਰ ਸਿੰਘ ਜੀ 'ਸੇਵਾ ਪੰਥੀ' ਖੂੰਡੇ ਵਾਲੇ ਤੇ ਸੰਤ ਤਾਰਾ ਸਿੰਘ 'ਸੇਵਾ ਪੰਥੀ' ਦੀ ਯਾਦ 'ਗੁਰਮਤਿ ਕੀਰਤਨ ਸਮਾਗਮ' ਦੇ ਰੂਪ ਵਿੱਚ ਮਨਾਈ ਜਾ ਰਹੀ ਹੈ। ਜਿਸ ਵਿੱਚ ਪੰਥ ਦੇ ਪ੍ਰਸਿੱਧ ਗੁਣੀ-ਗਿਆਨੀ, ਰਾਗੀ-ਢਾਡੀ ਤੇ ਕੀਤਰਨੀ ਜਥੇ-ਅੰਮ੍ਰਿਤ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸਰਬੱਤ ਕੀਰਤਨ ਪ੍ਰੇਮੀਆਂ ਦੇ ਚਰਨਾਂ ਵਿੱਚ ਦੋਇ ਕਰਿ ਜੋੜ ਬਿਨੈ ਹੈ ਕਿ ਅੰਮ੍ਰਿਤ ਕੀਤਰਨ ਦਾ ਰਸ ਮਾਨਣ ਅਤੇ ਆਪ ਨਾਮ ਜਪਣ ਦੀ ਕਿਰਪਾਲਤਾ ਕਰਨੀ ਜੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਦਰਸ਼ਨ ਅਭਿਲਾਸ਼ੀ :
ਸੰਤ ਸਤਿਨਾਮ ਸਿੰਘ 'ਸੇਵਾ ਪੰਥੀ
ਸੰਤ ਅਜੀਤ ਸਿੰਘ 'ਸੇਵਾ ਪੰਥੀ'

ਨਾਮ ਰਸੀਆਂ ਦਾ ਨਿਮਾਣਾ ਸੇਵਕ
(ਮਹੰਤ) ਪ੍ਰਿਤਪਾਲ ਸਿੰਘ 'ਸੇਵਾ ਪੰਥੀ'
ਫ਼ੋਨ : **221547, 222521**

---

ੴ ਸਤਿਗੁਰ ਪ੍ਰਸਾਦਿ ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

# ਗੁਰਦੁਆਰਾ ਡੇਰਾ ਮੋਹਨਪੁਰ

ਆਰਾਕਸ਼ਾਂ ਰੋਡ, ਗਲੀ ਨੰ: 6, ਪਹਾੜਗੰਜ ਨਵੀਂ ਦਿੱਲੀ ਵਿਖੇ
ਮਿਤੀ 24, 25, 26 ਫਰਵਰੀ 2002 ਦਿਨ ਐਤਵਾਰ, ਸੋਮਵਾਰ, ਮੰਗਲਵਾਰ ਨੂੰ

## ਸਾਲਾਨਾ ਯੱਗ-ਸਮਾਗਮ

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਬਖਸ਼ਿਸ਼ ਪ੍ਰਾਪਤ ਭਾਈ ਘਨੱਈਆ ਸਾਹਿਬ ਤੋਂ ਵਰੋਸਾਏ ਹੋਏ ਮਹਾਂਪੁਰਖ ਸੰਤ ਬਾਬਾ ਜਵਾਹਰ ਸਿੰਘ ਜੀ 'ਸੇਵਾ ਪੰਥੀ' ਖੂੰਡੇ ਵਾਲਿਆਂ ਦੀ 44ਵੀਂ ਤੇ ਸੰਤ ਮੋਤੀ ਰਾਮ ਜੀ ਦੀ 25ਵੀਂ ਯਾਦ 'ਸਲਾਨਾ ਯੱਗ ਸਮਾਗਮ' ਦੇ ਰੂਪ ਵਿੱਚ ਮਨਾਈ ਜਾ ਰਹੀ ਹੈ। ਜਿਸ ਵਿੱਚ ਪੰਥ ਦੇ ਪ੍ਰਸਿੱਧ ਗੁਣੀ-ਗਿਆਨੀ, ਰਾਗੀ ਢਾਡੀ ਤੇ ਕੀਤਰਨੀ ਜਥੇ-ਅੰਮ੍ਰਿਤ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸਰਬੱਤ ਕੀਰਤਨ ਪ੍ਰੇਮੀਆਂ ਦੇ ਚਰਨਾਂ ਵਿੱਚ ਦੋਇ ਕਰਿ ਜੋੜ ਬਿਨੈ ਹੈ ਕਿ ਅੰਮ੍ਰਿਤ ਕੀਤਰਨ ਦਾ ਰਸ ਮਾਨਣ ਅਤੇ ਆਪ ਨਾਮ ਜਪਣ ਦੀ ਕਿਰਪਾਲਤਾ ਕਰਨੀ ਜੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਸਾਧ ਸੰਗਤ ਦਾ ਦਾਸ :
(ਮਹੰਤ) ਮਹਿੰਦਰ ਸਿੰਘ 'ਸੇਵਾ ਪੰਥੀ'
ਫੋਨ : 3522905

# ਪ੍ਰੋਗਰਾਮ ਪ੍ਰਚਾਰ-ਯਾਤਰਾ ਫ਼ਰਵਰੀ 2002

ਸ੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'
ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਕੋਡ: 0164 ਫੋਨ: 262012, 262051, 262000 ਫੈਕਸ: 262657
ਮੋਬਾ : (ਮਹੰਤ ਸਾਹਿਬ) 98140-32957, (ਸੰਤ ਗੁਰਚਰਨ ਸਿੰਘ) 98140-02004 ਫੋਨ: 263888

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 1-2-2002 ਤੋਂ<br>10-2-2002 ਤੱਕ | ਮੁੰਬਈ | (1) Sh. Asa Nand Mohan Lal Makkar<br>1, Rajnigandha, Talmiki Road, Saraswaty Colony, Santacruz (w), Mumbai-54. Ph : 6600075, 6606444<br>(2) S. Pritpal Singh Smt. Balwant Kaur<br>Ph : 6600703, 6603656<br>Mobile : 09821414511<br>(3) S. Pardaman Singh,<br>Ph : 6052273<br>(4) S. Tarlochan Singh Sethi<br>Ph : 5541853, 5543157, 55546146 |
| 12-2-2002 | ਗੋਨਿਆਣਾ ਭਾਈ ਜਗਤਾ ਜੀ ਵਿਖੇ ਸੰਗਰਾਂਦ ਦਾ ਮਾਸਿਕ ਸਮਾਗਮ | |
| 15-2-2002 | ਲੁਧਿਆਣਾ | ਪਾਠ - ਸਮਾਪਤੀ<br>ਸ: ਗੁਰਵਿੰਦਰ ਸਿੰਘ ਮੱਕੜ<br>ਮਕਾਨ ਨੰ: 137-138, ਵਿਸ਼ਾਲ ਨਗਰ, ਪੱਖੋਵਾਲ ਰੋਡ। ਫੋਨ : 560461 |
| 16-2-2002 | ਬਠਿੰਡਾ | ਪਾਠ - ਸਮਾਪਤੀ<br>ਸ: ਚਰਨਜੀਤ ਸਿੰਘ ਏਸ਼ੀਅਨ ਗੈਸ<br>ਫੋਨ : 212555, 211399 |
| 18-2-2002 | ਬਠਿੰਡਾ | ਪਾਠ ਸਮਾਪਤੀ, ਸ: ਪ੍ਰੇਮ ਸਿੰਘ ਅਰਨੇਜਾ<br>ਫੋਨ : 252385, 252386 |
| 23-2-2002 | ਅਰਨੀਵਾਲਾ (ਫਿਰੋਜਪੁਰ) | ਪਾਠ - ਸਮਾਪਤੀ<br>ਸ: ਭਗਵਾਨ ਸਿੰਘ, ਰਣਜੀਤ ਸਿੰਘ<br>ਫੋਨ : 40466 |
| 24-2-2002 | ਫ਼ਰੀਦਕੋਟ | ਉਦਘਾਟਨ ਸਮਾਰੋਹ<br>ਭਾਈ ਘਨੱਈਆ ਸ਼ੋਸ਼ਲ ਵੈਲਫੇਅਰ ਕਲੱਬ<br>ਕਮਲ ਇੰਦਰ ਸਿੰਘ, ਫੋਨ : 56398 |
| 26-2-2002 | ਗੋਨਿਆਣਾ | ਸਮਾਗਮ (ਆਰੰਭ)<br>ਭਾਈ ਆਸਾ ਸਿੰਘ ਗਰਲਜ਼ ਕਾਲਜ। |

# ਸੁਖਮਨੀ ਸਾਹਿਬ

-ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ।

ਸਾਧ ਕੈ ਸੰਗਿ ਅਗੋਚਰੁ ਮਿਲੈ ॥
ਸਾਧ ਕੈ ਸੰਗਿ ਸਦਾ ਪਰਫੁਲੈ ॥
ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥
ਸਾਧਸੰਗਿ ਅੰਮ੍ਰਿਤ ਰਸੁ ਭੁੰਚਾ ॥
ਸਾਧਸੰਗਿ ਹੋਇ ਸਭ ਕੀ ਰੇਨ ॥
ਸਾਧ ਕੈ ਸੰਗਿ ਮਨੋਹਰ ਬੈਨ ॥
ਸਾਧ ਕੈ ਸੰਗਿ ਨ ਕਤਹੂੰ ਧਾਵੈ ॥
ਸਾਧ ਸੰਗਿ ਅਸਥਿਤਿ ਮਨੁ ਪਾਵੈ ॥
ਸਾਧ ਕੈ ਸੰਗਿ ਮਾਇਆ ਤੇ ਭਿੰਨ ॥
ਸਾਧਸੰਗਿ ਨਾਨਕ ਪ੍ਰਭ ਸੁਪ੍ਰਸੰਨ ॥੨॥

ਸਾਧ ਕੈ ਸੰਗਿ ਅਗੋਚਰੁ ਮਿਲੈ ॥

ਸਾਧ ਕੈ ਸੰਗਿ ਸਦਾ ਪਰਫੁਲੈ ॥

ਪਦ-ਅਰਥ :- ਅਗੋਚਰੁ-ਇੰਦ੍ਰੀਆਂ। ਪਰਫੁਲੈ-ਪਰਫੁੱਲਤ।

ਅਰਥ:- ਗੁਰੂ ਜੀ ਫੁਰਮਾਉਂਦੇ ਹਨ ਕਿ ਸਾਧੂ ਦੇ ਸੰਗ ਕਰਕੇ ਹੀ ਅਗੋਚਰੁ-ਇੰਦ੍ਰੀਆਂ ਤੋਂ ਅਵਿਸ਼ੇ ਜੋ ਪਰਮੇਸ਼ਵਰ ਹੈ ਉਹ ਮਿਲ ਜਾਂਦਾ ਹੈ (ਜਿਸਨੂੰ ਸਲੋਕ ਵਿੱਚ ਅਗਮ ਅਗਾਧ ਕਿਹਾ ਸੀ)। ਇਸ ਲਈ ਸਾਧੂ ਦੇ ਸੰਗ ਕਰਕੇ ਹੀ ਜੀਵ ਸਦਾ ਹੀ ਪ੍ਰਫੁੱਲਤ ਰਹਿੰਦਾ ਹੈ।

ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥

ਸਾਧਸੰਗਿ ਅੰਮ੍ਰਿਤ ਰਸੁ ਭੁੰਚਾ ॥

ਅਰਥ:- ਸਾਧੂ ਦੇ ਸੰਗ ਕਰਕੇ ਹੀ ਕਾਮ, ਕ੍ਰੋਧ ਆਦਿਕ ਵਿਸ਼ੇ ਵੱਸ ਵਿੱਚ ਆ ਜਾਂਦੇ ਹਨ। ਸਾਧੂ ਦੇ ਸੰਗ ਕਰਕੇ ਹੀ ਇਹ ਜੀਵ ਅੰਮ੍ਰਿਤ ਰਸੁ-ਆਤਮ ਰਸ ਨੂੰ ਭੁੰਚਾ-ਭੋਗਦਾ ਹੈ।

ਸਾਧਸੰਗਿ ਹੋਇ ਸਭ ਕੀ ਰੇਨ ॥

ਸਾਧ ਕੈ ਸੰਗਿ ਮਨੋਹਰ ਬੈਨ ॥

ਅਰਥ:- ਸਾਧੂ ਦੇ ਸੰਗ ਕਰਕੇ ਹੀ ਇਹ ਜੀਵ ਸਾਰਿਆਂ ਦੀ ਚਰਨਧੂੜੀ ਹੋ ਜਾਂਦਾ ਹੈ। ਭਾਵ ਨਿਮਰਤਾ ਧਾਰਦਾ ਹੈ। ਸਾਧੂ ਦੇ ਸੰਗ ਕਰਕੇ ਹੀ ਮਨੋਹਰ ਬੈਨ-ਪਿਆਰੇ ਬਚਨ ਬੋਲਦਾ ਹੈ। ਭਾਵ ਮਿੱਠੇ ਬਚਨ ਬੋਲਦਾ ਹੈ।

ਸਾਧ ਕੈ ਸੰਗਿ ਨ ਕਤਹੂੰ ਧਾਵੈ ॥

ਸਾਧ ਸੰਗਿ ਅਸਥਿਤਿ ਮਨੁ ਪਾਵੈ ॥

ਅਰਥ:- ਸਾਧ ਦਾ ਸੰਗ ਕਰਕੇ ਮਨ ਕਿਸੇ ਪਾਸੇ ਦੌੜਦਾ ਨਹੀਂ ਸਗੋਂ ਸਾਧੂ ਦੇ ਸੰਗ ਵਿੱਚ ਮਨ ਅਸਥਿਤਿ - ਟਿਕਾਉ ਪ੍ਰਾਪਤ ਕਰ ਲੈਂਦਾ ਹੈ।

ਸਾਧ ਕੈ ਸੰਗਿ ਮਾਇਆ ਤੇ ਭਿੰਨ ॥

ਸਾਧਸੰਗਿ ਨਾਨਕ ਪ੍ਰਭ ਸੁਪ੍ਰਸੰਨ ॥੨॥

ਅਰਥ:- ਸਾਧੂ ਦੇ ਸੰਗਿ ਕਰਕੇ ਮਨ ਮਾਇਆ ਤੋਂ ਭਿੰਨ-ਵੱਖਰਾ (ਨਿਰਲੇਪ) ਹੋ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ-ਸਾਧੂ ਦੇ ਸੰਗ ਕਰਕੇ ਹੀ ਪ੍ਰਭੂ ਆਪ ਪ੍ਰਸੰਨ ਹੋ ਜਾਂਦਾ ਹੈ।

(ਚਲਦਾ........)

ਲੜੀਵਾਰ ਕਥਾ

# ਸੋ ਦਰੁ ਰਹਿਰਾਸ ਸਾਹਿਬ

ਸੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ।

## ਚਾਰਣੀ ਦੋਹਰਾ ॥

ਜਿਸਨੋ ਸਾਜਨ ਰਾਖਸੀ ਦੁਸਮਨ ਕਵਨ ਬਿਚਾਰ ॥
ਛ੍ਵੈ ਨ ਸਕੈ ਤਿਹ ਛਾਹਿ ਕੋ ਨਿਹਫਲ ਜਾਇ ਗਵਾਰ ॥੧੦॥੨੪॥

## ਦੋਹਰਾ ॥

ਜੇ ਸਾਧੂ ਸਰਨੀ ਪਰੇ ਤਿਨ ਕੇ ਕਵਣ ਬਿਚਾਰ ॥
ਦੰਤ ਜੀਭ ਜਿਮ ਰਾਖਿ ਹੈ ਦੁਸਟ ਅਰਿਸਟ ਸੰਘਾਰ ॥੧੧॥੨੫॥

## ਦੋਹਰਾ ॥

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾ ਪ੍ਰਭ ਧਰਮ ਜੁੱਧ ਕੇ ਚਾਇ ॥੧੨॥

## ਸ੍ਵੈਯਾ ॥

ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿੱਤ ਮੈਂ ਜੁੱਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾਕੁਤਵਾਰ ਬੁਹਾਰੈ ॥੧੩॥

ਜਿਸਨੋ ਸਾਜਨ ਰਾਖਸੀ ਦੁਸਮਨ ਕਵਨ ਵਿਚਾਰ ॥
ਛ੍ਵੈ ਨ ਸਕੈ ਤਿਹ ਛਾਹਿ ਕੋ ਨਿਹਫਲ ਜਾਇ ਗਵਾਰ ॥

ਅਰਥ:- ਜਿਸ ਪੁਰਸ਼ ਨੂੰ ਸਾਜਨ-ਪ੍ਰਮਾਤਮਾ ਰੱਖਦਾ ਹੈ, ਵਿਚਾਰਾ ਦੁਸ਼ਮਣ ਕੌਣ ਕੋਈ ਦੁੱਖ ਦੇ ਸਕਦਾ ਹੈ। ਤਿਸ ਪੁਰਸ਼ ਦੀ ਛਾਹਿ - ਪ੍ਰਛਾਵੇਂ ਨੂੰ ਕੋਈ ਛੋਹ ਨਹੀਂ ਸਕਦਾ। ਉਸ ਗਵਾਰ-ਮੂਰਖ ਦਾ ਵਾਰ ਕੀਤਾ ਹੋਇਆ ਨਿਸਫਲ ਹੀ ਚਲਾ ਜਾਂਦਾ ਹੈ।

ਦੋਹਰਾ ॥ ਜੇ ਸਾਧੂ ਸਰਨੀ ਪਰੇ ਤਿਨ ਕੇ ਕਵਣ ਬਿਚਾਰ ॥
ਦੰਤ ਜੀਭ ਜਿਮ ਰਾਖਿ ਹੈ ਦੁਸਟ ਅਰਿਸਟ ਸੰਘਾਰ ॥

ਅਰਥ:- ਪ੍ਰਸ਼ਨ- ਜਿਹੜੇ ਮਨੁੱਖ ਸਾਧੂ ਸਤਿਗੁਰੂ ਦੀ ਸ਼ਰਨ ਵਿੱਚ ਪੈਂਦੇ ਹਨ ਤਿਨਾਂ ਦੀ ਰੱਖਿਆ ਦੇ ਕੀ ਵਿਚਾਰ ਹਨ?

ਉੱਤਰ - ਜਿਮ (ਜਿਵੇਂ) ਦੰਦਾਂ ਤੋਂ ਮਾਸ ਦੀ ਜੀਭ ਨੂੰ ਕੱਟਣ ਤੋਂ ਪ੍ਰਮਾਤਮਾ ਬਚਾ ਲੈਂਦਾ ਹੈ। ਤਿਵੇਂ ਹੀ ਪ੍ਰਭੂ ਦੁਸ਼ਟਾਂ ਤੇ ਅਰਿਸਟ-ਪਾਪਾਂ ਨੂੰ ਨਾਸ਼ ਕਰਕੇ ਗੁਰਮੁੱਖਾਂ ਦੀ ਸਹਾਇਤਾ ਕਰਦਾ ਹੈ।

ਦੋਹਰਾ ॥

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥

**ਅਰਥ** -**ਭਾਗੌਤ** - ਸ੍ਰੀ ਮਦ ਭਗਵਤ ਪੁਰਾਣ ਦੇ ਅੰਦਰ ਜੋ ਦਸਵੇਂ ਸਿਕੰਧ ਦੀ ਕਥਾ ਸੰਸਕ੍ਰਿਤ ਵਿੱਚ ਸੀ। ਉਹ ਗੁਰੂ ਸਾਹਿਬ ਜੀ ਕਹਿੰਦੇ ਸਨ ਕਿ ਉਸ ਕਥਾ ਨੂੰ ਅਸੀਂ ਸੌਖੀ ਭਾਸ਼ਾ ਵਿੱਚ ਭਾਵ ਪੰਜਾਬੀ ਵਿੱਚ ਬਣਾਕੇ ਵਰਨਣ ਕੀਤੀ ਹੈ। ਹੇ ਪ੍ਰਭੂ! ਮੈਨੂੰ ਇਸ ਕਥਾ ਦੇ ਲਿਖਣ ਦੀ ਹੋਰ ਤਾਂ ਕੋਈ ਵਾਸ਼ਨਾ ਨਹੀਂ ਹੈ। ਕੇਵਲ ਧਰਮ ਦੇ ਯੁੱਧ ਦਾ ਉਤਸ਼ਾਹ ਮਨੁੱਖਤਾ ਵਿੱਚ ਪੈਦਾ ਕਰਨ ਲਈ ਇਹ ਕਥਾ ਵਰਨਣ ਕੀਤੀ ਹੈ।

ਸ੍ਵੈਯਾ ॥

**ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿੱਤ ਮੈਂ ਜੁੱਧੁ ਬਿਚਾਰੈ ॥**

**ਅਰਥ**- ਉਸ ਮਨੁੱਖ ਦਾ ਜੀਵਨ ਜਗਤ ਵਿੱਚ ਧੰਨਤਾ ਯੋਗ ਹੈ। ਜੋ ਮੁਖ ਦੁਆਰਾ ਹਰੀ ਦਾ ਸਿਮਰਨ ਕਰਦਾ ਹੈ ਤੇ ਚਿੱਤ ਵਿੱਚ ਧਰਮ ਯੁੱਧ ਲਈ ਲੜਨ ਦਾ ਵਿਚਾਰ ਰੱਖਦਾ ਹੈ।

**ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ॥**

**ਅਰਥ**- ਮਨੁੱਖ ਦੀ ਇਹ ਦੇਹ ਅਨਿੱਤ-ਭਾਵ ਨਿੱਤ ਰਹਿਣ ਵਾਲੀ ਨਹੀਂ ਹੈ। ਭਾਵ ਬਿਨਸ ਜਾਣ ਵਾਲੀ ਹੈ। ਜੀਵਨ ਵਿੱਚ ਮਨੁੱਖ ਪਰਉਪਕਾਰ ਦੇ ਕੰਮ ਕਰੇ ਤਾਂ ਜਸ ਦੀ ਬੇੜੀ ਤੇ ਚੜ੍ਹਕੇ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ।

**ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ ॥**

**ਅਰਥ**- ਉਹ ਮਨੁੱਖ ਇਸ ਤਨ ਨੂੰ ਧੀਰਜ ਦਾ ਘਰ ਬਣਾ ਲੈਂਦਾ ਹੈ ਤੇ ਬੁੱਧੀ ਅੰਦਰ ਗਿਆਨ ਦੇ ਦੀਵੇ ਦਾ ਚਾਨਣਾ ਕਰ ਲੈਂਦਾ ਹੈ।

**ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾਕੁਤਵਾਰ ਬੁਹਾਰੈ ॥੧੩॥**

**ਅਰਥ**- ਸ੍ਰੇਸ਼ਟ ਵਿਚਾਰ ਦੀ ਬੁੰਕਰ(ਝਾੜੂ) ਮਨ ਰੂਪੀ ਹੱਥ ਵਿੱਚ ਲੈ ਕੇ ਕਾਇਰਪਨਾ ਤੇ ਹੋਰ ਖੋਟੇ ਵਿਚਾਰਾਂ ਨੂੰ ਮਨੁੱਖ ਆਪਣੇ ਅੰਦਰੋਂ ਦੂਰ ਕਰ ਦਿੰਦਾ ਹੈ।

(ਚਲਦਾ.......)



ੴ

# ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

-ਭਾਈ ਨੰਦ ਲਾਲ ਜੀ 'ਗੋਯਾ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ।

**ਹੱਕ ਰਾ ਮਾਹਬੂਬ ਗੁਰੁ ਗੋਬਿੰਦ ਸਿੰਘ ॥**
**ਤਾਲਬੋ ਮਤਲੂਬ ਗੁਰੁ ਗੋਬਿੰਦ ਸਿੰਘ ॥**
**ਤੇਗ਼ ਰਾ ਫ਼ੱਤਾਹ ਗੁਰੁ ਗੋਬਿੰਦ ਸਿੰਘ ॥**
**ਜਾਨੋ ਦਿਲ ਰਾ ਰਾਹ ਗੁਰੁ ਗੋਬਿੰਦ ਸਿੰਘ ॥**
**ਸਾਹਿਬੇ ਅਕ਼ਲੀਲ ਗੁਰੁ ਗੋਬਿੰਦ ਸਿੰਘ ॥**
**ਜ਼ਿੱਲੇ ਹੱਕ ਤਜ਼ਲੀਲ ਗੁਰੁ ਗੋਬਿੰਦ ਸਿੰਘ ॥**

ਹੱਕ ਰਾ ਮਾਹਬੂਬ ਗੁਰੁ ਗੋਬਿੰਦ ਸਿੰਘ ॥
ਤਾਲਬੋ ਮਤਲੂਬ ਗੁਰੁ ਗੋਬਿੰਦ ਸਿੰਘ ॥

ਅਰਥ : ਗੁਰੂ ਗੋਬਿੰਦ ਸਿੰਘ ਰੱਬ ਦਾ ਪਿਆਰਾ ਹੈ, ਗੁਰੂ ਗੋਬਿੰਦ ਸਿੰਘ ਰੱਬ ਦਾ ਤਾਲਬ ਤੇ ਲੋਕਾਂ ਦਾ ਚਹੇਤਾ ਹੈ।

ਤੇਗ਼ ਰਾ ਫ਼ੱਤਾਹ ਗੁਰੁ ਗੋਬਿੰਦ ਸਿੰਘ ॥
ਜਾਨੋ ਦਿਲ ਰਾ ਰਾਹ ਗੁਰੁ ਗੋਬਿੰਦ ਸਿੰਘ ॥

ਅਰਥ : ਗੁਰੂ ਗੋਬਿੰਦ ਸਿੰਘ ਤਲਵਾਰ ਦਾ ਧਨੀ ਹੈ, ਗੁਰੂ ਗੋਬਿੰਦ ਸਿੰਘ ਜਾਨ ਤੇ ਦਿਲ ਲਈ ਅੰਮ੍ਰਿਤ ਹੈ।

ਸਾਹਿਬੇ ਅਕ਼ਲੀਲ ਗੁਰੁ ਗੋਬਿੰਦ ਸਿੰਘ ॥
ਜ਼ਿੱਲੇ ਹੱਕ ਤਜ਼ਲੀਲ ਗੁਰੁ ਗੋਬਿੰਦ ਸਿੰਘ ॥

ਅਰਥ : ਗੁਰੂ ਗੋਬਿੰਦ ਸਿੰਘ ਤਾਜਾਂ ਦਾ ਮਾਲਕ ਹੈ, ਗੁਰੂ ਗੋਬਿੰਦ ਸਿੰਘ ਰੱਬ ਦੇ ਸਾਏ ਦਾ ਪਰਛਾਵਾਂ ਹੈ।

(ਚਲਦਾ........)

# ਦੀਨ ਦੁਖੀ ਦੇ ਮਾਲਕ

-ਪ੍ਰੋ: ਭੁਪਿੰਦਰ ਸਿੰਘ

ਯੁੱਧ ਕਲਾ ਤੋਂ ਪ੍ਰਬੀਨ ਤੇ ਦੀਨ ਦੁਨੀਆਂ ਦੇ ਮਾਲਕ ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ ਦਾ ਪ੍ਰਕਾਸ਼ ਕੀਰਤਪੁਰ ਵਿਖੇ 20 ਮਾਘ (ਸੁਦੀ 13) ਸੰਮਤ 1686 (26 ਫਰਵਰੀ 1630) ਨੂੰ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖ ਤੋਂ ਹੋਇਆ। ਕੁੱਝ ਵਿਦਵਾਨ ਸਤਿਗੁਰੂ ਜੀ ਦਾ ਜਨਮ ਜਨਵਰੀ, ਸੰਨ 1630 ਦਾ ਮੰਨਦੇ ਹਨ, ਪਰ 'ਮਹਾਨਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 26 ਫਰਵਰੀ 1630 ਦੀ ਮਿਤੀ ਸਹੀ ਹੈ। ਕੀਰਤਪੁਰ ਨਗਰ ਸਤਿਗੁਰੂ ਹਰਿਗੋਬਿੰਦ ਪਾਤਿਸ਼ਾਹ ਜੀ ਦੇ ਹੁਕਮ ਨਾਲ ਸੰਨ 1627 ਵਿੱਚ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ ਤੇ ਇਸੇ ਥਾਂ ਤੇ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੇ ਵਰੋਸਾਏ ਸਿੱਖ ਸਾਈਂ ਬੁਢਣ ਸ਼ਾਹ ਜੀ ਰਹਿੰਦੇ ਸਨ। ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ ਦਾ ਆਨੰਦ ਕਾਰਜ ਅਨੂਪ ਸ਼ਹਿਰ, ਜ਼ਿਲ੍ਹਾ ਬੁਲੰਦ ਸ਼ਹਿਰ (ਉਤਰ ਪ੍ਰਦੇਸ਼) ਨਿਵਾਸੀ ਭਾਈ ਦਇਆ ਰਾਮ ਦੀਆਂ ਸਪੁੱਤਰੀਆਂ ਕੋਟ ਕਲਯਾਨੀ ਅਤੇ ਕਿਸ਼ਨ ਕੌਰ ਜੀ (ਸੁਲੱਖਨੀ) ਨਾਲ ਸੰਨ 1640 ਵਿੱਚ ਹੋਇਆ। ਮਾਤਾ ਕੋਟ ਕਲਯਾਨੀ ਜੀ ਦੀ ਕੁੱਖ ਤੋਂ ਰਾਮਰਾਇ ਜੀ ਅਤੇ ਮਾਤਾ ਕਿਸ਼ਨ ਕੌਰ ਜੀ ਦੀ ਕੁੱਖ ਤੋਂ ਸਤਿਗੁਰੂ ਹਰਿ ਕ੍ਰਿਸ਼ਨ ਪਾਤਿਸ਼ਾਹ ਜੀ ਦਾ ਜਨਮ ਹੋਇਆ।

ਸਤਿਗੁਰੂ ਹਰਿਗੋਬਿੰਦ ਪਾਤਿਸ਼ਾਹ 3 ਮਾਰਚ 1644 ਨੂੰ ਜੋਤੀ ਜੋਤ ਸਮਾਏ ਸਨ ਤੇ ਗੁਰਿਆਈ ਦੀ ਬਖਸ਼ਿਸ਼ ਅਤੇ ਗੁਰੂ ਖਾਲਸਾ ਪੰਥ ਦੀ ਅਗਵਾਈ ਦੀ ਜ਼ਿੰਮੇਵਾਰੀ ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ ਨੂੰ ਸੌਂਪ ਦਿੱਤੀ ਸੀ। ਉਸ ਸਮੇਂ ਆਪ ਦੀ ਉਮਰ 14 ਸਾਲ ਦੇ ਕਰੀਬ ਸੀ।

ਸੰਨ 1646 ਵਿੱਚ ਪਏ ਕਾਲ ਦੇ ਦੌਰਾਨ ਪੰਜਾਬ ਵਿੱਚ ਤਿੰਨ ਸਾਲ ਬੜੀ ਔੜ ਲੱਗੀ ਰਹੀ। ਰੋਟੀ ਦੀ ਇੱਕ-ਇੱਕ ਬੁਰਕੀ ਲਈ ਪੰਜਾਬ ਦੇ ਲੋਕ ਤਰਸਣ ਲੱਗੇ। ਦਸਵੰਧ ਦੀ ਪ੍ਰਥਾ ਗੁਰੂ ਖਾਲਸਾ ਪੰਥ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਤੇ ਇਸੇ ਦਸਵੰਧ ਕਰਕੇ ਹੀ ਸਤਿਗੁਰੂ ਅਰਜਨ ਪਾਤਿਸ਼ਾਹ ਅਤੇ ਸਤਿਗੁਰੂ ਹਰਿਗੋਬਿੰਦ ਪਾਤਿਸ਼ਾਹ ਜੀ ਦੇ ਸਮੇਂ ਗਰੀਬਾਂ ਦੀ ਵਡਮੁੱਲੀ ਮਦਦ ਕੀਤੀ ਗਈ ਸੀ। ਇਸੇ ਦਸਵੰਧ ਨੂੰ ਹੀ, ਹੁਣ ਵੀ, ਕਾਲਪੀੜਤਾਂ ਲਈ ਵਰਤਿਆ ਗਿਆ।

ਕਾਲਪੀੜਤਾਂ ਦੀ ਜੋ ਸਹਾਇਤਾ, ਬਿਨਾਂ ਕਿਸੇ ਜਾਤ, ਧਰਮ, ਰੰਗ ਅਤੇ ਭੇਦ ਦੇ, ਸਤਿਗੁਰੂ ਹਰਿਰਾਇ ਪਾਤਿਸ਼ਾਹ ਜੀ ਨੇ ਕੀਤੀ, ਉਸ ਦਾ ਡੂੰਘਾ ਅਸਰ ਦਾਰਾ ਸ਼ਿਕੋਹ ਉਤੇ ਪਿਆ। ਦਾਰਾ ਸ਼ਿਕੋਹ ਉਸ ਸਮੇਂ ਪੰਜਾਬ ਦਾ ਗਵਰਨਰ ਸੀ ਤੇ ਇਹੋ ਉਸੇ ਦਾ ਹੀ ਫਰਜ਼ ਬਣਦਾ ਸੀ। ਸੋ, ਦਾਰਾ ਸ਼ਿਕੋਹ ਦੇ ਦਿਲ ਵਿੱਚ ਗੁਰੂ-ਘਰ ਦੀ ਉੱਚਤਾ ਤੇ ਸਤਿਕਾਰ ਘਰ ਕਰ ਗਿਆ। ਮੌਕਾ ਮਿਲਣ ਤੇ ਦਾਰਾ ਸ਼ਿਕੋਹ ਸਤਿਗੁਰੂ ਹਰਿ ਰਾਇ ਪਾਤਿਸ਼ਾਹ ਨੂੰ ਮਿਲਦਾ ਵੀ ਰਿਹਾ। ਉਸਨੇ ਇੱਕ ਵਾਰ ਗੁਰੂ ਦੇ ਲੰਗਰ ਵਾਸਤੇ ਜਾਗੀਰ ਵੀ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਸਤਿਗੁਰੂ ਜੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਇਹ ਲੰਗਰ ਸਿੱਖਾਂ ਦੇ ਪਿਆਰ-ਕੁਰਬਾਣੀ ਦੇ ਰਾਹੀਂ ਹੀ ਚਲਣਾ ਚਾਹੀਦਾ ਹੈ।

ਸਤਿਗੁਰੂ ਜੀ ਦਾ ਸਮਾਂ ਉਹ ਸਮਾਂ ਸੀ ਜਦ ਸ਼ਾਹ ਜਹਾਨ ਦੇ ਹੁਕਮ ਨਾਲ ਹਿੰਦੂ ਮੰਦਰ

ਢਾਹੇ ਜਾ ਰਹੇ ਸਨ ਤੇ ਹਿੰਦੂਆਂ ਨੂੰ ਸਹਾਰਾ ਦੇਣ ਲਈ ਕੀਰਤਪੁਰ ਦੇ ਆਸ-ਪਾਸ ਦੇ ਇਲਾਕੇ ਵਿੱਚ ਪ੍ਰਚਾਰ ਕੀਤਾ ਤੇ ਆਸਰਾ ਦਿੱਤਾ। ਸ਼ਾਹਜਹਾਨ ਦਾ ਇਹ ਹੁਕਮ ਸਿੱਖਾਂ ਤੇ ਉਨ੍ਹਾਂ ਦੇ ਗੁਰਦਵਾਰਿਆਂ ਤੇ ਲਾਗੂ ਨਹੀਂ ਸੀ। ਸਤਿਗੁਰੂ ਜੀ ਨੇ ਇਹ ਪ੍ਰਚਾਰ ਦੌਰਾ 1654 ਤੋਂ 1658 ਤੱਕ ਮਾਝੇ, ਦੁਆਬੇ ਅਤੇ ਮਾਲਵੇ ਦਾ ਕੀਤਾ ਸੀ, ਤੇ ਇਸ ਦੌਰਾਨ ਸਹਿਮੇ ਹੋਏ ਹਿੰਦੂ ਅਣਖ ਤੇ ਗ਼ੈਰਤ ਦੀ ਜ਼ਿੰਦਗੀ ਜਿਉਣ ਖਾਤਿਰ ਵੱਡੀ ਗਿਣਤੀ ਵਿੱਚ ਸਿੱਖ ਬਣ ਗਏ ਸਨ।

ਸੰਮਤ 1703 ਵਿੱਚ ਸਤਿਗੁਰੂ ਜੀ ਨੇ ਮਾਲਵੇ (ਜੰਗਲ) ਦੀ ਸੰਗਤ ਨੂੰ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦਾ ਆਦਰਸ਼ ਦ੍ਰਿੜ੍ਹਾਉਣ ਲਈ ਪ੍ਰਚਾਰ-ਦੌਰਾ ਕੀਤਾ। ਸਤਿਗੁਰੂ ਜੀ ਨੂਰ ਮਹਿਲ, ਭਾਈ ਰੂਪਾ, ਕਾਂਗੜ ਆਦਿ ਨਗਰਾਂ ਤੋਂ ਹੁੰਦੇ ਹੋਏ ਮੈਹਰਾਜ ਪਹੁੰਚੇ। ਇਸ ਸਬੰਧ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਜੀ 'ਮਹਾਨ ਕੋਸ਼' ਵਿੱਚ ਲਿਖਦੇ ਹਨ : 'ਮਹਿਰਾਜ ਦੇ ਮੁਕਾਮ ਪੁਰ ਫੂਲ ਵੰਸ਼ ਨੂੰ, ਦਾਦਾ ਗੁਰੂ ਜੀ ਦੇ ਵਰਦਾਨ ਦੀ ਪੁਸ਼ਟੀ ਕਰਨ ਹਿੱਤ ਆਸ਼ੀਰਵਾਦ ਦੇ ਕੇ ਨਿਹਾਲ ਕੀਤਾ।' ਬਹੁਤ ਇਤਿਹਾਸਕਾਰਾਂ ਨੇ ਫੂਲਵੰਸ਼ ਨੂੰ ਵਰਦਾਨ ਸੱਤਵੇਂ ਸਤਿਗੁਰੂ ਜੀ ਦਾ ਲਿਖਿਆ ਹੈ ਪਰ ਇਹ ਭੁੱਲ ਹੈ। ਗੁਰੂ ਹਰਿ ਰਾਇ ਸਾਹਿਬ ਨੇ ਦਾਦਾ ਗੁਰੂ ਜੀ ਦੇ ਵਰਦਾਨ ਦੀ ਕੇਵਲ ਪੁਸ਼ਟੀ ਕੀਤੀ ਹੈ।.... ਸੰਮਤ 1688 ਵਿੱਚ ਗੁਰੂ ਸਰ ਦੇ ਜੰਗ ਪਿਛੋਂ ਜਦ ਗੁਰੂ ਸਾਹਿਬ ਦੇ ਦਿਵਾਨ ਵਿੱਚ ਬਾਲਕ ਫੂਲ ਆਪਣੇ ਚਾਚੇ ਕਾਲੇ ਨਾਲ ਹਾਜ਼ਰ ਹੋਇਆ, ਤਦ ਸੁਭਾਵਿਕ ਹੀ ਪੇਟ ਵਜਾਉਣ ਲੱਗ ਪਿਆ। ਸਤਿਗੁਰੂ ਜੀ ਨੇ ਕਾਲੇ ਤੋਂ ਬਾਲਕ ਦੀ ਹਰਕਤ ਬਾਰੇ ਪੁੱਛਿਆ ਤਾਂ ਅਰਜ਼ ਕੀਤੀ ਕਿ ਮਹਾਰਾਜ! ਇਸ ਦੀ ਮਾਈ ਗੁਜ਼ਰ ਗਈ ਹੈ, ਹਜ਼ੂਰ ਦੇ ਸਾਹਮਣੇ ਆਪਣੇ ਪੇਟ ਪਾਲਣ ਲਈ ਇਸ਼ਾਰੇ ਨਾਲ ਅਰਜ਼ ਕਰ ਰਿਹਾ ਹੈ। ਇਸ ਤੇ ਸਤਿਗੁਰੂ ਹਰਿਗੋਬਿੰਦ ਪਾਤਿਸ਼ਾਹ ਨੇ ਫ਼ਰਮਾਇਆ ਕਿ ਇਹ ਬਾਲਕ ਗੁਰੂ ਨਾਨਕ ਦੇਵ ਦੀ ਕ੍ਰਿਪਾ ਨਾਲ ਲੱਖਾਂ ਦੇ ਪੇਟ ਭਰੇਗਾ ਅਤੇ ਇਸਦੀ ਸੰਤਾਨ ਰਾਜ ਭਾਗ ਭੋਗੇਗੀ। ਜਦ ਸਤਿਗੁਰੂ ਹਰਿ ਰਾਇ ਪਾਤਿਸ਼ਾਹ ਮਾਲਵੇ ਨੂੰ ਕ੍ਰਿਤਾਰਥ ਕਰਦੇ ਮਹਿਰਾਜ ਪਧਾਰੇ, ਤਾਂ ਫੂਲ ਆਪਣੇ ਸਬੰਧੀਆਂ ਸਮੇਤ ਦੀਵਾਨ ਵਿੱਚ ਹਾਜ਼ਰ ਹੁੰਦਾ ਰਿਹਾ। ਸਤਿਗੁਰੂ ਜੀ ਨੇ ਇਸਦੀ ਨਿਮਰਤਾ ਅਤੇ ਸੇਵਾ ਭਾਵ ਦੇਖ ਕੇ ਦਾਦਾ ਗੁਰੂ ਜੀ ਦੇ ਵਰਦਾਨ ਦੀ ਪੁਸ਼ਟੀ ਵਿੱਚ ਅਸ਼ੀਰਵਾਦ ਦਿੱਤਾ।

ਪਿੰਡ ਮਹਿਰਾਜ ਤੋਂ ਸਤਿਗੁਰੂ ਜੀ ਪਿੰਡ ਬਿੰਝੂਕੇ ਆਏ। ਮਾਲਵੇ ਦੇ ਪ੍ਰਸਿੱਧ ਪ੍ਰਚਾਰਕ ਭਾਈ ਭਗਤੂ ਜੀ ਦਾ ਇਹੀ ਜਨਮ-ਪਿੰਡ ਸੀ। ਸਤਿਗੁਰੂ ਅਰਜਨ ਪਾਤਿਸ਼ਾਹ ਜੀ ਦੇ ਸਮੇਂ ਮਾਲਵੇ ਵਿੱਚ ਚਾਰ ਉਘੇ ਮਸੰਦ ਸਨ : (ੳ) ਭਾਈ ਬਹਿਲੋ (ਅ) ਭਾਈ ਭੂੰਦੜ (ੲ) ਭਾਈ ਪੰਜਾਬਾ ਅਤੇ (ਸ) ਭਾਈ ਭਗਤੂ। ਇਨ੍ਹਾਂ ਸਾਰਿਆਂ ਮਸੰਦਾਂ ਵਿੱਚੋਂ ਭਾਈ ਭਗਤੂ ਜੀ ਨੇ ਆਪਣੀ ਜ਼ਿੰਮੇਵਾਰੀ ਬੜੇ ਉੱਦਮ ਅਤੇ ਸ਼ਰਧਾ ਨਾਲ ਨਿਭਾਈ।

ਸਤਿਗੁਰੂ ਹਰਿ ਰਾਇ ਜੀ ਬਿੰਝੂਕੇ ਵਾਲੇ ਤੇ ਜੰਡਾਂ ਵਾਲੇ ਆਦਿਕ ਪਿੰਡਾਂ ਵਿਚੋਂ ਹੁੰਦੇ ਹੋਏ ਕੀਰਤਪੁਰ ਵਾਪਸ ਆ ਗਏ। ਸਤਿਗੁਰੂ ਜੀ ਜਿਥੇ ਦੁਖੀ ਦਿਲਾਂ ਨੂੰ ਨਾਮ ਦਾਰੂ ਦੇ ਕੇ ਅਰੋਗ ਤੇ ਸੁਖੀ ਕਰਦੇ ਸਨ ਉਥੇ ਆਪ ਨੇ ਇਨਸਾਨਾਂ ਦੇ ਰੋਗੀ ਸਰੀਰਾਂ ਦੇ ਰੋਗ ਮਿਟਾਉਣ ਲਈ, ਸਤਿਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਦੇ ਸਮੇਂ ਤੋਂ ਤਰਨ ਤਾਰਨ ਵਿਖੇ ਅਤੇ ਸਤਿਗੁਰੂ ਹਰਿਗੋਬਿੰਦ ਪਾਤਿਸ਼ਾਹ ਜੀ ਦੇ ਸਮੇਂ ਤੋਂ ਕੀਰਤਪੁਰ ਵਿਖੇ ਤੋਂ ਚਲਦੇ ਆ ਰਹੇ ਦਵਾਈਖਾਨਿਆਂ ਵਿੱਚ ਚੋਖਾ ਵਿਸਥਾਰ ਕੀਤਾ, ਜਿਨ੍ਹਾਂ ਵਿੱਚ ਬਹੁਤ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਾ ਕੇ ਰੱਖੀਆਂ ਗਈਆਂ। ਹਰ ਰੋਗੀ ਨੂੰ ਹਰ ਵੇਲੇ

ਮੁਫਤ ਦਵਾਈ ਤੇ ਖੁਰਾਕ ਮਿਲਦੀ ਸੀ।

ਇਕ ਵਾਰ ਦਾਰਾ ਸ਼ਿਕੋਹ ਬੀਮਾਰ ਪੈ ਗਿਆ ਤੇ ਉਸਦੀ ਬੀਮਾਰੀ ਖਤਰਨਾਕ ਰੂਪ ਧਾਰਨ ਕਰ ਗਈ। ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ ਦੀ ਨਿਰਵੈਰਤਾ ਅਤੇ ਮਨੁੱਖਤਾ ਲਈ ਪ੍ਰੇਮ ਨੇ ਸ਼ਾਹ ਜਹਾਨ ਤੇ ਦਾਰਾ ਸ਼ਿਕੋਹ ਨੂੰ ਪ੍ਰਭਾਵਿਤ ਕੀਤਾ ਸੀ। ਸੋ, ਸਤਿਗੁਰੂ ਜੀ ਨੇ ਦਾਰਾ ਸ਼ਿਕੋਹ ਲਈ ਦਵਾਈ ਭੇਜੀ ਉਹ ਦਵਾਈ ਉਸਨੇ ਨਿਸੰਗ ਹੋ ਕੇ ਵਰਤੀ। ਸ਼ਾਹੀ ਹਕੀਮਾਂ ਨੇ ਦਾਰਾ ਸ਼ਿਕੋਹ ਲਈ ਖਾਸ ਕਿਸਮ ਤੇ ਵਜਨ ਦੇ ਲੌਂਗ ਹਰੜਾਂ ਅਤੇ ਰਾਮ ਮੋਤੀ ਦਵਾਈ ਲਈ ਤਜਵੀਜ਼ ਕੀਤੇ ਸਨ। ਇਹ ਚੀਜਾਂ ਸਤਿਗੁਰੂ ਜੀ ਦੇ ਦਵਾਈਖਾਨੇ ਤੋਂ ਇਲਾਵਾ ਹੋਰ ਕਿਤਿਓਂ ਨਾਂ ਮਿਲੀਆਂ। ਦਾਰਾ ਸ਼ਿਕੋਹ ਰਾਜ਼ੀ ਹੋ ਗਿਆ ਤੇ ਉਸਨੇ ਕੀਰਤਪੁਰ ਸਾਹਿਬ ਆ ਕੇ ਸਤਿਗੁਰੂ ਜੀ ਦਾ ਧੰਨਵਾਦ ਕੀਤਾ।

ਜਦੋਂ ਔਰੰਗਜ਼ੇਬ ਆਪਣੇ ਭਰਾਵਾਂ ਨੂੰ ਮਾਰ ਕੇ ਤੇ ਪਿਤਾ ਨੂੰ ਕੈਦ ਕਰਕੇ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ ਤਾਂ ਉਸਨੇ ਪੂਰੇ ਹਿੰਦੁਸਤਾਨ ਨੂੰ ਮੁਸਲਮਾਨ ਬਨਾਉਣ ਲਈ ਕਈ ਉਪਰਾਲੇ ਕੀਤੇ। ਉਸ ਵਿਚਾਰਿਆ ਕਿ ਜੇਕਰ ਸਿੱਖ ਸਤਿਗੁਰੂ ਜੀ ਨੂੰ ਮੁਸਲਮਾਨ ਬਣਾ ਲਿਆ ਜਾਵੇ ਜਾਂ ਉਹ ਈਨ ਮੰਨ ਲੈਣ ਤਾਂ ਅਸਾਨੀ ਨਾਲ ਹੀ ਸਾਰੇ ਹਿੰਦੁਸਤਾਨ ਨੂੰ ਮੁਸਲਮਾਨ ਬਣਾਇਆ ਜਾ ਸਕਦਾ ਹੈ। ਸੋ, ਉਸਨੇ ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ ਉਪਰ ਦਾਰਾ ਸ਼ਿਕੋਹ ਦੀ ਮੱਦਦ ਕਰਨ ਦਾ ਬਹਾਨਾ ਲਗਾ ਕੇ ਸਤਿਗੁਰੂ ਜੀ ਨੂੰ ਦਿੱਲੀ ਸੱਦਾ ਭੇਜਿਆ। ਸਤਿਗੁਰੂ ਜੀ ਨੇ ਆਪਣੀ ਥਾਂ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਜੀ ਨੂੰ ਦਿੱਲੀ ਭੇਜਿਆ। ਤੁਰਨ ਲਗਿਆਂ ਸਤਿਗੁਰੂ ਜੀ ਨੇ ਸਿੱਖਿਆ ਦਿੱਤੀ ਕਿ ਹਰੇਕ ਕਾਰਜ ਵਿੱਚ ਗੁਰੂ ਆਸਰੇ ਰਹਿਣਾ। ਗੁਰੂ ਨੂੰ ਸਦਾ ਅੰਗ ਸੰਗ ਸਮਝਣਾ। ਬਾਬਾ ਰਾਮ ਰਾਇ ਜੀ ਪ੍ਰਬੀਨ ਤੇ ਹਾਜ਼ਰ ਜਵਾਬ ਸਨ, ਸੋ ਔਰੰਗਜ਼ੇਬ ਤੇ ਬਾਬਾ ਰਾਮ ਰਾਇ ਜੀ ਦਾ ਬੜਾ ਪ੍ਰਭਾਵ ਪਿਆ। ਔਰੰਗਜ਼ੇਬ ਨੇ ਬਾਬਾ ਰਾਮ ਰਾਇ ਜੀ ਦੀ ਆਜ਼ਮਾਇਸ਼ ਪਰਖਣ ਲਈ ਕਈ ਆਜ਼ਮਾਇਸ਼ਾਂ ਕੀਤੀਆਂ, ਪਰ ਬਾਬਾ ਜੀ ਹਰੇਕ ਆਜ਼ਮਾਇਸ਼ ਵਿੱਚ ਪੂਰੇ ਉਤਰੇ। ਔਰੰਗਜ਼ੇਬ ਪੱਕਾ ਮੁਸਲਮਾਨ ਸੀ ਤੇ ਉਹ ਚਾਹੁੰਦਾ ਸੀ ਕਿ ਪਿਆਰ ਤੇ ਸਤਿਕਾਰ ਨਾਲ ਰਾਮ ਰਾਇ ਜੀ ਦਾ ਦਿਲ ਜਿੱਤ ਕੇ ਆਪਣੇ ਦੀਨ ਵਿੱਚ ਲਿਆਦਾਂ ਜਾਵੇ। ਔਰੰਗਜ਼ੇਬ ਨੇ ਸਿੱਖ ਧਰਮ ਬਾਰੇ ਕਈ ਸੁਆਲ ਪੁੱਛੇ ਜਿਨ੍ਹਾਂ ਦਾ ਜਵਾਬ ਬਾਬਾ ਰਾਮ ਰਾਇ ਜੀ ਨੇ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੇ ਮੁਤਾਬਿਕ ਦਿੱਤਾ। ਔਰੰਗਜ਼ੇਬ ਨੇ ਕਾਜ਼ੀਆਂ ਦੀ ਪ੍ਰੇਰਣਾ ਤੇ ਰਾਮ ਰਾਇ ਤੋਂ ਪੁੱਛਿਆ "ਤੁਹਾਡੇ ਗ੍ਰੰਥ ਵਿੱਚ ਲਿਖਿਆ ਹੈ:

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥**
**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥**

ਇਸਦੇ ਕੀ ਅਰਥ ਹਨ। ਕੀ ਇਹ ਸਾਡੇ ਧਰਮ ਦੀ ਹੱਤਕ ਨਹੀਂ ? ਬਾਦਸ਼ਾਹ ਨਾਲ ਬਣਿਆ ਰਸੂਖ ਕਾਇਮ ਰੱਖਣ ਲਈ ਰਾਮ ਰਾਇ ਜੀ ਨਿਸ਼ਾਨੇ ਤੋਂ ਥਿੜਕ ਗਏ ਤੇ ਕਹਿ ਦਿੱਤਾ ਕਿ 'ਮਿਟੀ ਮੁਸਲਮਾਨ ਕੀ' ਨਹੀਂ, 'ਮਿਟੀ' ਬੇਈਮਾਨ ਕੀ' ਲਿਖਿਆ ਹੈ। ਇਹ ਸੁਣ ਕੇ ਬਾਦਸ਼ਾਹ ਖੁਸ਼ ਹੋ ਗਿਆ। ਇਹ ਸ਼ਾਹੀ ਰਸੂਖ ਦੀ ਖਾਤਿਰ ਗੁਰੂ ਆਦਰਸ਼ ਨੂੰ ਬਦਲਾ ਦੇਣਾ ਸਿੱਖ ਧਰਮ ਦੇ ਨਿਸ਼ਾਨੇ ਤੋਂ ਉਕਾਈ ਸੀ।

ਜਦ ਇਹ ਖਬਰ ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ ਨੂੰ ਮਿਲੀ, ਤਦ ਸਤਿਗੁਰਾਂ ਫੁਰਮਾਇਆ ਕਿ ਰਾਮ ਰਾਇ ਨੇ ਖੁਸ਼ਾਮਦ ਕਰਕੇ ਸਤਿਗੁਰੂ ਨਾਨਕ ਜੀ ਦਾ ਵਾਕ ਪਲਟਿਆ ਹੈ, ਇਸ

ਲਈ ਸਾਡੇ ਮੱਥੇ ਨਾ ਲਗੇ।

ਇਸ ਤਰ੍ਹਾਂ ਸ਼ਾਹੀ ਦਰਬਾਰ ਦੀ ਚਾਲ ਕਿਸੇ ਹੱਦ ਤੀਕ ਕਾਮਯਾਬ ਹੋ ਗਈ ਤੇ ਔਰੰਗਜ਼ੇਬ ਨੇ ਫੁੱਟ ਵਧਾਉਣ ਲਈ ਬਾਬਾ ਰਾਮ ਰਾਇ ਜੀ ਨੂੰ ਦੂਨ ਦੇ ਇਲਾਕੇ ਦੀ ਜਾਗੀਰ ਦੇ ਦਿੱਤੀ। ਪਰ ਸਿੱਖ ਪੰਥ ਵਿੱਚ, ਔਰੰਗਜ਼ੇਬ ਧੜੇ ਪੈਦਾ ਕਰਨ ਵਿੱਚ ਕਾਮਯਾਬ ਨਾ ਹੋ ਸਕਿਆ ਤੇ ਸਿੱਖਾਂ ਦੀ ਸ਼ਰਧਾ ਆਪਣੇ ਸਤਿਗੁਰੂ ਜੀ ਦੀ ਚਰਨਾਂ ਵਿੱਚ ਅਡੋਲ ਰਹੀ। ਇਤਿਹਾਸ ਦੱਸਦਾ ਹੈ ਕਿ ਰਾਮ ਰਾਇ ਜੀ ਜਦ ਸਮਾਧੀ ਵਿੱਚ ਲੀਨ ਸਨ, ਉਸ ਵੇਲੇ ਮਸੰਦਾਂ ਨੇ ਮੁਰਦਾ ਆਖ ਕੇ ਭਾਦੋਂ ਸੁਦੀ 8 ਸੰਮਤ 1744 ਨੂੰ ਸੰਸਕਾਰ ਕਰ ਦਿੱਤਾ। ਪਿਛੋਂ ਮਾਤਾ ਪੰਜਾਬ ਕੌਰ ਨੇ ਸਤਿਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੂੰ ਬੁਲਾਕੇ ਮਸੰਦਾ ਨੂੰ ਸਜ਼ਾ ਦਿਵਾਈ।

ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ ਨੇ ਗੁਰਮਤਿ ਪ੍ਰਚਾਰ ਲਈ ਤਿੰਨ ਬਖਸ਼ਿਸ਼ਾਂ-ਵੱਡੇ ਕੇਂਦਰ ਸਥਾਪਿਤ ਕੀਤੇ, ਜਿਵੇਂ (ੳ) ਸੁਥਰੇ ਸ਼ਾਹੀ (ਅ) ਭਗਤ ਭਗਵਾਨ (ੲ) ਤੇ ਭਾਈ ਫੇਰੂ ਜੀ। ਹਰ ਬਖਸ਼ਿਸ਼ ਇੱਕ ਪ੍ਰਸਿੱਧ ਸਿੱਖ ਦੇ ਸਪੁਰਦ ਸੀ। ਦੂਜੇ ਪਾਸੇ ਬਾਬਾ ਗੁਰਦਿੱਤਾ ਜੀ ਨੇ ਪਹਿਲਾਂ ਹੀ ਗੁਰਮਤਿ ਪ੍ਰਚਾਰ ਲਈ ਧੂਏਂ ਕਾਇਮ ਕਰ ਦਿੱਤੇ ਸਨ। ਭਗਤ ਭਗਵਾਨ ਜੀ ਪਹਿਲਾਂ ਬੋਧ ਗਯਾ ਦੇ ਸਨਿਆਸੀ ਮਹੰਤ ਸਨ ਅਤੇ ਆਪਣੇ 360 ਚੇਲਿਆਂ ਸਮੇਤ ਸਤਿਗੁਰੂ ਹਰਿ ਰਾਇ ਜੀ ਕੋਲ ਕੀਰਤਪੁਰ ਸਾਹਿਬ ਦਰਸ਼ਨਾਂ ਲਈ ਆਏ ਸਨ। ਜਦ ਗੁਰੂ ਉਪਦੇਸ਼ ਸਰਵਣ ਕੀਤਾ ਤਾਂ, ਉਸਨੂੰ ਆਪਣੀ ਫਿਲਾਸਫੀ ਖੋਖਲੀ ਜਾਪੀ ਤੇ ਸਤਿਗੁਰੂ ਜੀ ਦੇ ਚਰਨੀ ਲਗ ਚੇਲਿਆਂ ਸਮੇਤ ਸਿੱਖੀ ਧਾਰਨ ਕੀਤੀ। ਭਗਤ ਭਗਵਾਨ ਨੇ ਸਿੱਖੀ ਪ੍ਰਚਾਰ ਕਰਨ ਲਈ ਇਕਲੇ ਬਿਹਾਰ ਵਿੱਚ ਹੀ 360 ਪ੍ਰਚਾਰ ਕੇਂਦਰਾਂ ਦਾ ਪ੍ਰਬੰਧ ਕਰਕੇ ਲੱਖਾਂ ਹੀ ਸਿੱਖ ਸਜਾਏ।

ਸਿੱਖ ਧਰਮ ਦੇ ਤਿੰਨ ਮੁੱਖ ਅਸੂਲ ਹਨ : (ੳ) ਨਾਮ ਜਪਣਾ (ਅ) ਕਿਰਤ ਕਰਨਾ ਤੇ (ੲ) ਵੰਡ ਛਕਣਾ। ਸੋ, ਕਿਰਤ ਕਰਨ ਤੇ ਅਸੂਲ ਮੁਤਾਬਿਕ ਹਰੇਕ ਮਨੁੱਖ ਲਈ ਜ਼ਰੂਰੀ ਹੈ ਕਿ ਈਮਾਨਦਾਰੀ ਅਤੇ ਮਿਹਨਤ ਨਾਲ ਆਪਣੀ ਰੋਜ਼ੀ ਆਪ ਕਮਾਵੇ। ਫਿਰ ਉਸ ਕਿਰਤ ਕਮਾਈ ਵਿਚੋਂ ਉਨ੍ਹਾਂ ਦੀ ਸੇਵਾ ਕਰੇ, ਜਿਹੜੇ ਮਨੁੱਖ ਕਿਸੇ ਕਾਰਨ ਆਪ ਕਮਾਣ ਜੋਗੇ ਨਹੀਂ ਰਹੇ। ਸਿਰਫ ਇਹੋ ਜਿਹੇ ਕਿਰਤ ਕਮਾਈ ਕਰਨ, ਵੰਡ ਛਕਣ ਅਤੇ ਨਾਮ ਜਪਣ ਵਾਲੇ ਬੰਦਿਆਂ ਨੇ ਹੀ ਜ਼ਿੰਦਗੀ ਦੀ ਸਹੀ ਸੇਧ ਨੂੰ ਧਾਰਨ ਕੀਤਾ ਹੈ।

ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ ਦਾ ਸਿੱਖ ਭਾਈ ਪੁੰਗਰ, ਕੀਰਤਪੁਰ ਦੇ ਨੇੜੇ ਕਿਸੇ ਪਿੰਡ ਵਿੱਚ ਰਹਿੰਦਾ ਸੀ ਅਤੇ ਵਾਹੀ ਕਰਕੇ ਗੁਜ਼ਾਰਾ ਕਰਦਾ ਸੀ। ਸਤਿਗੁਰੂ ਜੀ ਵਲੋਂ ਦੱਸਿਆ ਸਿੱਖ ਧਰਮ ਦਾ ਹੱਕ-ਕਮਾਈ ਦਾ ਉਪਦੇਸ਼ ਉਹ ਚੰਗੀ ਤਰ੍ਹਾਂ ਆਪਣੇ ਰੋਜ਼ਾਨਾ ਕਾਰ ਵਿਹਾਰ ਵਿੱਚ ਕਮਾ ਰਿਹਾ ਸੀ। ਭਾਈ ਪੁੰਗਰ ਗਰੀਬ ਸੀ, ਪਰ ਫਿਰ ਵੀ ਉਹ ਆਪਣੀ ਕਿਰਤ ਕਮਾਈ ਵਿਚੋਂ ਆਏ ਗਏ ਪ੍ਰਦੇਸੀ ਦੀ ਖਿੜੇ ਮੱਥੇ ਵਿੱਤ ਮੁਤਾਬਿਕ ਸੇਵਾ ਕਰਦਾ ਸੀ। ਇਕ ਵਾਰ ਇਕ ਸਨਿਆਸੀ ਉਸ ਪਿੰਡ ਵਿੱਚ ਆ ਗਿਆ। ਪਿੰਡ ਦੇ ਲੋਕਾਂ ਹਮੇਸ਼ਾ ਵਾਂਗ ਉਸਨੂੰ ਭਾਈ ਪੁੰਗਰ ਜੀ ਦੇ ਘਰ ਭੇਜ ਦਿੱਤਾ। ਭਾਈ ਪੁੰਗਰ ਨੇ ਵਿੱਤ ਮੁਤਾਬਿਕ ਉਸ ਦੀ ਸੇਵਾ ਕੀਤੀ। ਸੰਨਿਆਸੀ ਨੂੰ ਗ਼ਰੀਬੀ ਤੇ ਤਰਸ ਆ ਗਿਆ। ਉਸ ਕੋਲ ਇਕ ਰਸਾਇਣ ਦੀ ਡੱਬੀ ਸੀ, ਜਿਸ ਨਾਲ ਸੋਨਾ ਬਣਾਇਆ ਜਾ ਸਕਦਾ ਸੀ। ਭਾਈ ਪੁੰਗਰ ਨੂੰ ਉਸ ਡੱਬੀ ਸੰਨਿਆਸੀ ਨੇ ਦੇਣੀ ਚਾਹੀ, ਤਾਂਕਿ ਉਸਦੀ ਗ਼ਰੀਬੀ ਦੂਰ ਹੋ ਜਾਵੇ। ਭਾਈ

ਪੁੰਗਰ ਨੇ ਰਸਾਇਣ ਲੈਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ ਕਿ 'ਮੁਫਤ ਦਾ ਮਾਲ ਧੰਨ ਹਮੇਸ਼ਾ ਇੱਲਤਾਂ ਪੈਦਾ ਕਰਦਾ ਹੈ। ਜੁਗਤ ਨਾਲ ਉਹੀ ਧਨ ਵਰਤਿਆ ਜਾ ਸਕਦਾ ਹੈ ਤੇ ਜੀਵਨ ਆਚਰਨ ਨੂੰ ਉਚਾ ਕਰਦਾ ਹੈ, ਜਿਹੜਾ ਧਨ ਈਮਾਨਦਾਰੀ ਅਤੇ ਮੇਹਨਤ ਨਾਲ ਕਮਾਇਆ ਜਾਵੇ।

ਭਾਈ ਨੰਦ ਲਾਲ ਸਿੰਘ ਜੀ ਆਪਣੀ ਰਚਨਾ 'ਚੌਸੀਫੋ ਸਨਾ' ਵਿੱਚ ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ ਬਾਰੇ ਲਿਖਦੇ ਹਨ:

**'ਹਕ ਪਰਵਾਰ ਹਕ ਕੇਸ਼ ਗੁਰੂ ਕਰਤਾ ਹਰ ਰਾਇ ॥**

(ਗੁਰੂ ਕਰਤਾ ਹਰਿ ਰਾਇ ਪਾਤਿਸ਼ਾਹ ਜੀ ਹੱਕ ਦੇ ਪਾਲਣ ਵਾਲੇ ਅਤੇ ਮਜ਼ਹਬ ਵਾਲੇ ਹਨ)

**ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰ ਰਾਇ ॥**

(ਸਤਿਗੁਰੂ ਹਰਿ ਰਾਇ ਜੀ ਬਾਦਸ਼ਾਹ ਵੀ ਹਨ ਤੇ ਫਕੀਰ ਵੀ)

**ਫੱਯਾਜ਼ੁੱਦਾਰੈਨ ਗੁਰੂ ਹਰਿ ਰਾਇ ॥**

(ਗੁਰੂ ਕਰਤਾ ਹਰਿ ਰਾਇ ਜੀ ਲੋਕ ਪ੍ਰਲੋਕ ਵਿੱਚ ਸੁਖੀ ਕਰਨ ਵਾਲੇ ਹਨ)

**ਸਰਵਰੈ ਕੌਨੈਨ ਗੁਰੂ ਕਰਤਾ ਹਰ ਰਾਇ ॥**

(ਸਤਿਗੁਰੂ ਹਰਿ ਰਾਇ ਪਾਤਿਸ਼ਾਹ ਦੋਹਾਂ ਜਹਾਨਾਂ ਦੇ ਮਾਲਕ ਹਨ)

**ਹੱਕ ਵਾਸਫਿ ਅਕਰਾਮ ਗੁਰੂ ਕਰਤਾ ਹਰ ਰਾਇ ॥**

(ਆਪ ਅਕਾਲ ਪੁਰਖ ਗੁਰੂ ਕਰਤਾ ਹਰਿ ਰਾਇ ਜੀ ਦੀ ਉਸਤਤ ਕਰਨ ਵਾਲਾ ਹੈ)

**ਖਾਸਾਂ ਹਮਾਂ ਬਰਕਾਮ ਗੁਰੂ ਕਰਤਾ ਹਰ ਰਾਇ ॥**

(ਖਾਸ ਰੱਬ ਦੇ ਪਿਆਰੇ ਵੀ ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ ਦੇ ਅਨੁਸਾਰੀ ਹਨ)

**ਸ਼ਾਹਨ ਸਹਿ ਹਕ ਨਸਕ ਗੁਰੂ ਕਰਤਾ ਹਰ ਰਾਇ ॥**

(ਸਤਿਗੁਰੂ ਹਰਿ ਰਾਇ ਜੀ ਪਾਤਿਸ਼ਾਹ ਜੀ ਵਾਹਿਗੁਰੂ ਦੀ ਸੋਝੀ ਦੇਣ ਵਾਲੇ ਸ਼ਹਿਨਸ਼ਾਹ ਹਨ)

**ਫ਼ਰਮਾਂ ਦੇਹਿ ਨੋਹ ਤਬਕ ਗੁਰੂ ਕਰਤਾ ਹਰ ਰਾਇ ॥**

(ਸਤਿਗੁਰੂ ਹਰਿ ਰਾਇ ਪਾਤਿਸ਼ਾਹ ਨੌਆਂ ਆਕਾਸ਼ਾਂ ਦੇ ਮਾਲਕ ਹਨ)

**ਗਰਦਨ ਜਨਿ ਸਰਕਸ਼ਾਂ ਗੁਰੂ ਕਰਤਾ ਹਰ ਰਾਇ ॥**

(ਗੁਰੂ ਕਰਤਾ ਹਰਿ ਰਾਇ ਜੀ ਨਿੰਦਕਾਂ ਦਾ ਨਾਸ਼ ਕਰਨ ਵਾਲੇ ਹਨ)

**ਯਾਰਿ ਮੁਤਜ਼ੱਰਆਂ ਗੁਰੂ ਕਰਤਾ ਹਰ ਰਾਇ ॥**

(ਸਤਿਗੁਰੂ ਹਰ ਰਾਇ ਪਾਤਿਸ਼ਾਹ ਜੀ ਨਿਰਮਾਣ ਸੇਵਕਾਂ ਦੇ ਸਹਾਇਕ ਹਨ)

ਹੱਕ ਦੇ ਪਾਲਣ ਵਾਲੇ, ਨਿੰਦਕਾਂ ਦਾ ਨਾਸ਼ ਕਰਨ ਵਾਲੇ ਬਾਦਸ਼ਾਹ ਤੇ ਦਰਵੇਸ਼ ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ 7 ਕਤਕ (ਵਦੀ 9) ਸੰਮਤ 1718 (6 ਅਕਤੂਬਰ, ਸਨ 1661) ਨੂੰ ਸਤਿਗੁਰੂ ਹਰਿ ਕ੍ਰਿਸ਼ਨ ਪਾਤਿਸ਼ਾਹ ਜੀ ਨੂੰ ਗੁਰੂਤਾ ਦੇ ਕੇ ਕੀਰਤਪੁਰ ਵਿੱਚ ਜੋਤੀ ਜੋਤ ਸਮਾਏ। ਸਤਿਗੁਰੂ ਹਰਿ ਰਾਇ ਪਾਤਿਸ਼ਾਹ ਜੀ ਨੇ 17 ਵਰ੍ਹੇ 5 ਮਹੀਨੇ 8 ਦਿਨ ਗੁਰੂਤਾ ਕੀਤੀ ਅਤੇ ਸਾਰੀ ਅਵਸਥਾ 31 ਵਰ੍ਹੇ 8 ਮਹੀਨੇ 17 ਦਿਨ ਭੋਗੀ।

******

# ਸੰਤ ਬਾਬਾ ਜਵਾਹਰ ਸਿੰਘ ਜੀ ਸੇਵਾਪੰਥੀ (ਮਿੱਠਾ ਟਿਵਾਣਾ)

-ਸੰਤ ਅਜੀਤ ਸਿੰਘ

ਸੰਤ ਬਾਬਾ ਜਵਾਹਰ ਸਿੰਘ ਜੀ ਦਾ ਜਨਮ ਪਿਤਾ ਭਾਈ ਮੋਹਰ ਸਿੰਘ ਜੀ ਦੇ ਗ੍ਰਿਹ ਮਾਤਾ ਨਰੈਣ ਦੇਵੀ ਜੀ ਦੀ ਕੁਖੋਂ ਸੰਨ 1855 ਵਿੱਚ ਪਿੰਡ ਜਹਾਨੀਆਂ ਸ਼ਾਹ ਜ਼ਿਲ੍ਹਾ ਸ਼ਾਹਪੁਰ (ਪਾਕਿਸਤਾਨ) ਵਿਖੇ ਹੋਇਆ। ਮਾਤਾ ਨਰੈਣ ਦੇਵੀ ਜੀ ਦੇ ਅਕਾਲ ਚਲਾਣੇ ਕਾਰਨ ਆਪ ਜੀ ਦੀ ਪਰਵਰਿਸ਼ ਆਪ ਜੀ ਦੀ ਚਾਚੀ ਜੀ ਨੂੰ ਸੌਂਪੀ ਗਈ। ਮਾਤਾ ਜੀ ਦਾ ਸਾਇਆ ਸਿਰ ਤੇ ਨਾ ਰਿਹਾ। ਮਾਵਾਂ ਬਾਂਝ ਬੱਚਿਆਂ ਦਾ ਕੀ ਹਾਲ ? ਬਚਪਨ ਦੀ ਅਵਸਥਾ, ਪਿੰਡ ਦੀਆਂ ਗਲੀਆਂ ਵਿੱਚ ਬੱਚਿਆਂ ਨਾਲ ਜਾ ਲੜ-ਝਗੜਨਾ, ਰੋਜ਼ ਨਿੱਤ ਨਵੀਂ ਸ਼ਿਕਾਇਤ ਘਰ ਪੁੱਜਦੀ। ਮਿੱਠੇ ਟਿਵਾਣੇ ਤੋਂ ਸੇਵਾਪੰਥੀ ਮਹਾਂਪੁਰਖ ਬਾਬਾ ਹਰੀ ਸਿੰਘ ਜੀ ਪਿੰਡ ਜਹਾਨੀਆਂ ਸ਼ਾਹ ਪ੍ਰਚਾਰ ਲਈ ਆਏ। ਬਾਬਾ ਜਵਾਹਰ ਜੀ ਦੇ ਰਿਸ਼ਤੇਦਾਰਾਂ ਨੇ ਬਾਬਾ ਹਰੀ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਬਾਬਾ ਜਵਾਹਰ ਸਿੰਘ ਲੜਾਈ ਝਗੜਾ ਬਹੁਤ ਕਰਦਾ ਹੈ ਪਿੰਡ ਅਤੇ ਸ਼ਰੀਕੇ ਵਾਲੇ ਬਹੁਤ ਨਾਰਾਜ਼ ਹਨ ਆਪ ਜੀ ਕਿਰਪਾ ਕਰੋ। ਬਾਬਾ ਹਰੀ ਸਿੰਘ ਜੀ ਕਹਿਣ ਲੱਗੇ ਭਾਈ ! ਜਵਾਹਰ ਸਿੰਘ ਸਾਨੂੰ ਦੇ ਦਿਓ। ਰਿਸ਼ਤੇਦਾਰਾਂ, ਸੰਬੰਧੀਆਂ ਨੇ ਹੁਕਮ ਮੰਨਿਆ। ਬਾਬਾ ਹਰੀ ਸਿੰਘ ਜੀ ਨੇ ਮਿੱਠੇ ਟਿਵਾਣੇ ਲਿਆ ਲੰਗਰ ਦੀ ਸੇਵਾ ਵਿੱਚ ਲਾ ਦਿੱਤਾ। ਵਿੱਦਿਆ ਅਤੇ ਗੁਰਬਾਣੀ ਪਾਠ ਦੀ ਦਾਤ ਵੀ ਬਖ਼ਸ਼ੀ। ਪਾਸਾ ਪਲਟਿਆ ਸੁਭਾਅ ਬਦਲ ਗਿਆ। ਹਰ ਸਮੇਂ ਲੰਗਰ ਦੀ ਸੇਵਾ ਕਰਦੇ, ਵਿੱਦਿਆ ਪ੍ਰਾਪਤ ਕਰਦੇ, ਆਏ ਗਏ ਰਾਹਗੀਰ, ਸਾਧੂ ਅਭਿਆਗਤ ਦੀ ਹੱਥੀਂ ਸੇਵਾ ਕਰਨੀ। ਕਦੀ ਪ੍ਰੇਮ ਰਸ ਵਿੱਚ ਮਗਨ ਹੋ ਗੁਰਬਾਣੀ ਜਾਪ ਹੀ ਕਰੀ ਜਾਣਾ।

ਬਾਬਾ ਹਰੀ ਸਿੰਘ ਦੀ ਸੇਵਾ ਪੰਥੀ ਪਾਸ ਲਗਾਤਾਰ 25 ਸਾਲ ਕਠਿਨ ਸੇਵਾ ਸਿਮਰਨ ਦੀ ਘਾਲਣਾ ਘਾਲੀ। ਬਾਬਾ ਹਰੀ ਸਿੰਘ ਜੀ ਦੀ ਬਿਰਧ ਅਵਸਥਾ ਵਿੱਚ ਇਸ਼ਨਾਨ ਕਰਾਉਣਾ, ਕਪੜੇ ਬਦਲਣੇ , ਕਪੜੇ ਧੋਣੇ ਜੰਗਲ ਪਾਣੀ ਲੈ ਜਾਣਾ, ਪੀੜ੍ਹੇ ਉਤੇ ਬਿਠਾ ਕੇ ਲੰਗਰ ਵਿੱਚ ਸੰਗਤ-ਪੰਗਤ ਦੇ ਦਰਸ਼ਨ ਕਰਾਉਣੇ ਅਤੇ ਗੁਰਬਾਣੀ ਸਰਵਣ ਕਰਾਉਣੀ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸਰਵਨ ਕਰਾਉਣੇ। ਅਤਿ ਕਠਿਨ ਘਾਲਣਾ ਘਾਲਦਿਆਂ ਬਾਬਾ ਹਰੀ ਸਿੰਘ ਜੀ ਤੋਂ ਕਈ ਵਰ ਅਤੇ ਸ਼ੁੱਭ ਅਸੀਸਾਂ ਪ੍ਰਾਪਤ ਕੀਤੀਆਂ।

ਮਹਾਂਪੁਰਸ਼ ਬਾਬਾ ਹਰੀ ਸਿੰਘ ਜੀ ਦੇ ਚਲਾਣੇ ਤੋਂ ਬਾਅਦ ਬਾਬਾ ਭਗਤ ਸਿੰਘ ਜੀ ਸੇਵਾ ਪੰਥੀ ਸੇਵਾ ਅਸਥਾਨ ਦੇ ਮੁਖੀ ਥਾਪੇ ਗਏ। ਬਾਬਾ ਭਗਤ ਸਿੰਘ ਜੀ ਸੇਵਾਪੰਥੀ ਮਹਾਨ ਬਿਰਕਤ ਆਤਮਾ ਸਨ। ਜੀਵਨ ਦਾ ਬੇਤਹਾਸ਼ਾ ਸਮਾਂ ਸੇਵਾ ਅਸਥਾਨ ਵਿਖੇ ਹੀ ਅੰਦਰ ਰਹਿ ਸੇਵਾ ਸਿਮਰਨ ਵਿੱਚ ਲਾਇਆ। ਇਕ ਦਿਨ ਸੰਗਤ ਵਿੱਚ ਕਿਸੇ ਵਜਦ ਵਿੱਚ ਆ ਕੇ ਕਹਿਣ ਲੱਗੇ, ਸਾਧ ਸੰਗਤ ਜੀ ! ਅਸੀਂ ਤਾਂ ਇਸਤ੍ਰੀਆਂ ਹੀ ਰਹੀਆਂ ਪਰ ਜਵਾਹਰ ਸਿੰਘ ਪੂਰਾ ਮਰਦ ਹੈ ਕਿਉਂਕਿ ਅਸੀਂ ਇਸਤ੍ਰੀਆਂ ਵਾਂਗ ਹੀ ਅੰਦਰ ਰਹਿੰਦੇ ਹਾਂ ਪਰ ਜਵਾਹਰ ਸਿੰਘ ਮਰਦ ਸਾਧੂ ਹੈ, ਸੇਵਾ ਪਰਉਪਕਾਰ, ਪ੍ਰਚਾਰ ਲਈ ਬਾਹਰ ਹਰ ਸਮੇਂ ਤੱਤਪਰ ਰਹਿੰਦੇ ਹਨ, ਗੁਰ ਸੰਗਤ ਦੇ ਭੇਟਾ ਕੀਤੇ ਪਦਾਰਥ ਸਾਨੂੰ ਲਿਆ ਛਕਾਉਂਦੇ ਹਨ। ਤੇਜ਼ ਪ੍ਰਤਾਪੀ ਬਾਬਾ ਜਵਾਹਰ ਸਿੰਘ ਜੀ ਗੁਰਮਤਿ ਪ੍ਰਚਾਰ ਹਿਤ ਜਦੋਂ ਬਾਹਰ ਜਾਂਦੇ ਸਨ ਸੰਗਤਾਂ ਹੱਥ ਜੋੜ ਦਰਸ਼ਨ ਕਰਦੀਆਂ, ਹਰਿ ਜਸ ਲਾਹਾ ਖੱਟ ਆਪਣੇ ਧੰਨ ਭਾਗ ਸਮਝਦੀਆਂ ਸਨ।

ਬਾਬਾ ਭਗਤ ਸਿੰਘ ਜੀ ਨੇ ਅੰਤ ਸਮਾਂ ਨੇੜੇ ਜਾਣ ਸੇਵਾ ਪੰਥੀ ਸੇਵਾ ਅਸਥਾਨ ਦੀ ਸੇਵਾ ਬਾਬਾ ਜਵਾਹਰ ਸਿੰਘ ਜੀ ਨੂੰ ਸੌਂਪਣ ਲਈ ਕਿਹਾ। ਕਈਆਂ ਨੇ ਕਿਹਾ ਬਾਬਾ ਜੀ ਇਹ ਮਾਣ ਸੇਵਾ ਕਿਸੇ ਹੋਰ ਨੂੰ ਦਿੰਦੇ, ਇਹ ਜਵਾਹਰ ਸਿੰਘ ਲੰਗਰ ਲਈ ਘਿਉ ਦੇ ਪੀਪੇ ਤੇ ਹੋਰ ਰਾਸ਼ਨ ਪੂਰਾ ਕਰ ਲਵੇਗਾ ? ਬਾਬਾ ਭਗਤ ਸਿੰਘ, ਜੀ ਕਹਿਣ ਲੱਗੇ ਸੇਵਾ ਅਸੀਂ ਦੇਣੀ ਹੈ ਇਹ ਬਾਬਾ ਜਵਾਹਰ ਸਿੰਘ ਸਾਡਾ ਗੁਰਭਾਈ ਹੈ ਗੁਰੂ ਨਾਨਕ ਦੀ ਮਿਹਰ ਇਨ੍ਹਾਂ ਤੇ ਹੈ ਉਨ੍ਹਾਂ ਹੀ 20 ਰੁਪਏ ਖਰਚ ਕਰਕੇ ਲੰਗਰ ਚਲਾਇਆ ਸੀ ਜੋ ਅੱਜ ਤੱਕ ਅਖੁੱਟ ਅਤੁੱਟ ਨਿਰੰਤਰ ਵਰਤ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਦੀ ਬਖਸ਼ਿਸ਼ ਸਦਕਾ ਇਹ ਲੰਗਰ ਦੀ ਸੇਵਾ ਜੁਗਾਂ ਜੁਗਾਂਤਰਾਂ ਤਕ ਲਗਾਤਾਰ ਵਧਦੀ ਰਹੇਗੀ ਘਟੇਗੀ ਨਹੀਂ।

ਬਾਬਾ ਭਗਤ ਸਿੰਘ ਜੀ ਦੇ ਉਹ ਬਚਨ ਜੋ ਸੁਤੇ ਸਿੱਧ ਕੀਤੇ ਸਨ ਸੱਚ ਸਾਬਤ ਹੋਏ ਹਨ। ਬਾਬਾ ਜਵਾਹਰ ਸਿੰਘ ਜੀ ਨੇ ਲੰਗਰ ਦੀ ਸੇਵਾ ਲਈ ਤਨ ਮਨ ਧਨ ਕੁਰਬਾਨ ਕਰ ਦਿੱਤਾ। ਲੋਕੀਂ ਦੇਸੀ ਘਿਉ ਦੇ ਪੀਪੇ ਪੂਰੇ ਕਰ ਸਕਣ ਲਈ ਕਹਿੰਦੇ ਸਨ ਪਰ ਬਾਬਾ ਜਵਾਹਰ ਸਿੰਘ ਨੇ ਗੁਰੂ ਨਾਨਕ ਘਰ ਦੀ ਬਖਸ਼ਿਸ਼ ਸਦਕਾ ਪੀਪਿਆਂ ਦੇ ਪੀਪੇ ਲੰਗਰ ਲਈ ਭੇਟਾ ਕਰ ਦਿੱਤੇ। ਐਸਾ ਅਤੁੱਟ ਲੰਗਰ ਵਰਤਣਾ ਪਿਛੋਂ ਬਚ ਰਿਹਾ ਆਈਆਂ ਸੰਗਤਾਂ ਨੂੰ ਨਾਲ ਦੇ ਕੇ ਤੋਰਨਾ।

*************

(ਬਰਸੀ ਤੇ ਵਿਸ਼ੇਸ਼)

# ਪਰਉਪਕਾਰੀ ਤੇ ਉੱਚ ਕੋਟੀ ਦੇ ਵਿਦਵਾਨ ਸਨ ਸੰਤ ਗਿਆਨੀ ਸੁੰਦਰ ਸਿੰਘ

ਭਾਈ ਘਨੱਈਆ ਸਾਹਿਬ ਜੀ ਦੀ ਕੁੱਲ ਦੇ ਨਾਦੀ ਕੁਲਭੂਸ਼ਨ, ਸੇਵਾ ਪੰਥੀ ਅੱਡਣ ਸ਼ਾਹੀ ਸੰਪਰਦਾ ਦਾ ਕੇਂਦਰ ਟਿਕਾਣਾ ਭਾਈ ਕਿਸ਼ਨ ਦਾਸ ਜੀ (ਭੱਖਰਵਾਲੇ) ਰੇਵਾੜੀ ਦੀ ਨਾਦੀ ਬੰਸਾਵਲੀ 'ਚ 11ਵੇਂ ਸਥਾਨ ਤੇ ਉੱਚ ਕਰਨੀ ਵਾਲੇ ਮਹਾਂਪੁਰਖ ਸ਼੍ਰੀਮਾਨ ਸੰਤ ਗਿਆਨੀ ਸੁੰਦਰ ਸਿੰਘ ਜੀ 'ਸੇਵਾ ਪੰਥੀ' ਹੋਏ ਹਨ।

ਸੰਤ ਗਿਆਨੀ ਸੁੰਦਰ ਸਿੰਘ ਜੀ ਦਾ ਜਨਮ ਪਿੰਡ ਛੱਤਾ ਜ਼ਿਲ੍ਹਾ ਝੰਗ ਪਾਕਿਸਤਾਨ ਵਿਖੇ 15 ਮਾਘ ਸੰਮਤ 1986 ਬਿਕ੍ਰਮੀ, ਸੰਨ 1929 ਈਸਵੀ ਨੂੰ ਪਿਤਾ ਭਾਈ ਰਾਮ ਚੰਦ ਜੀ ਦੇ ਗ੍ਰਹਿ ਵਿਖੇ ਹੋਇਆ। ਇਨ੍ਹਾਂ ਦਾ ਪਹਿਲਾ ਨਾਮ ਸੁੰਦਰ ਦਾਸ ਸੀ ਤੇ ਪਹਿਲਾਂ ਇਹ ਸਹਿਜਧਾਰੀ ਸਨ। ਮਹੰਤ ਕਰਮ ਚੰਦ ਸ਼ਾਹ ਜੀਵਣੇ ਵਾਲਿਆਂ ਦੇ ਡੇਰੇ 'ਤੇ ਇਨ੍ਹਾਂ ਦੇ ਪਿਤਾ (ਰਾਮ ਚੰਦ) ਜੀ ਸੁੰਦਰ ਦਾਸ ਨੂੰ ਡੇਰੇ 'ਤੇ ਲੈ ਆਏ, ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ ਉਪਰੰਤ ਦੋ ਹੱਥ ਜੋੜ ਬੇਨਤੀ ਕੀਤੀ ਕਿ ਇਸ ਦੀ ਮਾਤਾ ਸੁਰਗਵਾਸ ਹੋ ਗਈ ਹੈ ਅਤੇ ਕਾਰ-ਵਿਹਾਰ 'ਚ ਮੇਰੇ ਲਈ ਬੱਚਾ ਸਾਂਭਣਾ ਔਖਾ ਹੈ। ਤੁਸੀਂ ਟਿਕਾਣੇ ਤੇ ਇਸ ਦੀ ਅਰਦਾਸ ਕਰ ਲਵੋ। ਬਚਪਨ ਤੋਂ ਹੀ ਸੁੰਦਰ ਦਾਸ ਡੇਰੇ ਵਿੱਚ ਰਹਿ ਕੇ ਟਹਿਲ ਸੇਵਾ ਕਰਦੇ ਰਹੇ ਤੇ ਕਥਾ-ਕੀਰਤਨ ਸਿੱਖਦੇ ਰਹੇ। ਜਦ ਸ੍ਰੀਮਾਨ ਮਹੰਤ ਕਰਮ ਚੰਦ ਜੀ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰਨ ਲਈ ਗਏ ਤਾਂ ਇਨ੍ਹਾਂ (ਸੁੰਦਰ ਦਾਸ) ਨੇ ਉਥੇ ਹੀ ਕ਼ਲਗੀਧਰ ਪਾਤਸ਼ਾਹ ਜੀ ਦੀ ਪ੍ਰੇਰਨਾ ਅਨੁਸਾਰ ਅੰਮ੍ਰਿਤ ਛੱਕ ਲਿਆ, ਉਸ ਸਮੇਂ ਤੋਂ ਹੀ ਸੁੰਦਰ ਸਿੰਘ ਨਾਮ ਰੱਖਿਆ ਗਿਆ। ਆਪ ਸ਼੍ਰੀਮਾਨ ਮਹੰਤ ਕਰਮ ਚੰਦ ਜੀ ਸ਼ਾਹ ਜੀਵਣੇ ਵਾਲਿਆਂ ਦੇ ਨਾਲ ਸਦਾ ਗੜਵਈ ਦੇ ਰੂਪ ਵਿੱਚ ਰਹੇ। ਫਿਰ ਕੁਝ ਸਮਾਂ ਡੇਰਾ ਸੰਤ ਗਿਆਨੀ ਅਮੀਰ ਸਿੰਘ ਜੀ ਗਲੀ ਸੱਤੋਵਾਲੀ ਅੰਮ੍ਰਿਤਸਰ ਵਿਖੇ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਤੇ ਹੋਰ ਇਤਿਹਾਸਕ ਗ੍ਰੰਥ ਪੜ੍ਹਦੇ-ਸੁਣਦੇ ਰਹੇ। ਉਪਰੰਤ ਸ਼ਹੀਦ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਕੁਝ ਸਮਾਂ ਧਾਰਮਿਕ ਵਿੱਦਿਆ ਦੇ ਨਾਲ-ਨਾਲ ਕੀਰਤਨ ਵੀ ਸਿੱਖਦੇ ਰਹੇ ਸਨ। ਅੰਮ੍ਰਿਤਸਰ ਤੋਂ ਪੜ੍ਹ ਕੇ ਫੇਰ ਵਾਪਸ ਆ ਕੇ ਰੋਹਤਕ ਡੇਰੇ ਵਿਖੇ ਰਹਿ ਕੇ ਮਹਾਂਪੁਰਸ਼ਾਂ ਦੀ ਸੰਗਤ ਤੇ ਸੇਵਾ ਕਰਦੇ ਰਹੇ। ਆਪ ਮਹੰਤ ਹਰਿਦਰਸ਼ਨ ਸਿੰਘ ਜੀ ਦੇ ਚੇਲੇ ਸਨ।

ਜਦ ਰੇਵਾੜੀ ਡੇਰੇ ਦੀ ਸੇਵਾ ਵਾਸਤੇ ਵਿਚਾਰ ਚੱਲੀ ਕਿ ਇਸ ਡੇਰੇ ਦਾ ਮਹੰਤ ਕਿਸ ਨੂੰ ਬਣਾਈਏ ? ਸੇਵਾ ਪੰਥੀ ਭੇਖ ਨੇ ਮੀਟਿੰਗ 'ਚ ਫ਼ੈਸਲਾ ਲਿਆ ਕਿ ਇਥੇ ਉਸ ਮਹਾਂਪੁਰਸ਼ ਨੂੰ ਬਿਠਾਓ ਜੋ ਡੇਰਾ ਵੀ ਬਣਾਵੇ ਤੇ ਗੁਰੂ ਘਰ ਦਾ ਪ੍ਰਚਾਰ ਵੀ ਕਰੇ। ਸੇਵਾ ਪੰਥੀ ਭੇਖ ਨੇ ਸੰਤ ਗਿਆਨੀ ਸੁੰਦਰ ਸਿੰਘ ਜੀ ਨੂੰ ਸੇਵਾ ਲਈ ਚੁਣਿਆ ਤੇ ਰੇਵਾੜੀ ਡੇਰੇ ਦਾ ਮਹੰਤ ਥਾਪਿਆ। ਸੰਤ ਗਿਆਨੀ ਸੁੰਦਰ ਸਿੰਘ ਜੀ ਨੇ ਨਵਾਂ ਡੇਰਾ ਬਣਾਇਆ, ਜ਼ਮੀਨਾਂ ਦੇ ਕਬਜੇ ਲਏ, ਉਥੇ ਨਾਲ ਹੀ ਨਾਮ-ਬਾਣੀ ਦਾ ਪ੍ਰਵਾਹ ਚਲਾਇਆ, ਗੁਰੂ ਕਾ ਲੰਗਰ ਚਾਲੂ ਕੀਤਾ, ਨਵੀਆਂ ਤੇ ਪੁਰਾਣੀਆਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲਾਇਆ ਅਤੇ ਬੱਚਿਆਂ ਨੂੰ ਗੁਰਬਾਣੀ ਦਾ ਪਾਠ ਸ਼ੁੱਧ ਕਰਨ ਦੀ ਆਦਤ ਪਾਈ।

ਸੰਤ ਗਿਆਨੀ ਸੁੰਦਰ ਸਿੰਘ ਜੀ ਆਪ ਬੜਾ ਸੁੰਦਰ ਕੀਰਤਨ ਤੇ ਕਥਾ ਕਰਦੇ ਸਨ ਜੋ ਵੀ ਸੁਣਦਾ ਉਹ ਹੀ ਮੋਹਿਤ ਹੋ ਜਾਂਦਾ ਤੇ ਅੱਗੋਂ ਲਈ ਆਪ ਹੀ ਰੋਜ਼ਾਨਾ ਕਥਾ-ਕੀਰਤਨ ਸੁਣਨ ਦਾ ਨੇਮੀ ਬਣ ਜਾਂਦਾ ਸੀ। ਆਪ ਦਾ ਸੁਭਾਅ ਬੜਾ ਮਿੱਠਾ, ਨਿਮਰਤਾ ਤੇ ਮਿਲਣਸਾਰ ਸੀ। ਆਪ ਦਾ ਸੇਵਾ ਪੰਥੀ ਭੇਖ ਦੇ ਸਾਧੂਆਂ ਨਾਲ ਗੂੜ੍ਹਾ ਪਿਆਰ ਸੀ।

ਸੰਤ ਜੀ, ਗੁਰੂ ਸਾਹਿਬਾਨ ਦੇ ਗੁਰਪੁਰਬਾਂ ਤੇ ਬਾਹਰੋਂ ਰਾਗੀ ਜਥਿਆਂ ਨੂੰ ਡੇਰੇ 'ਚ ਬੁਲਾ ਕੇ ਸਾਰੀ ਰਾਤ ਰੈਣ-ਸਬਾਈ ਕੀਰਤਨ ਦੀ ਵਰਖਾ ਕਰਦੇ ਰਹਿੰਦੇ। ਆਪ ਨੇ ਰੇਵਾੜੀ, ਦਿੱਲੀ, ਫਰੀਦਾਬਾਦ, ਗੁੜਗਾਉਂ, ਰੋਹਤਕ, ਚੰਡੀਗੜ੍ਹ, ਹਿਸਾਰ, ਡੈਕੋਰ, ਅੰਬਾਲਾ, ਟਾਟਾ ਨਗਰ, ਨਰਾਇਣਗੜ੍ਹ, ਕਾਨਪੁਰ, ਗੁਰੂ ਹਰਸਹਾਏ ਮੰਡੀ ਆਦਿ ਨਗਰਾਂ/ਸ਼ਹਿਰਾਂ ਦੇ ਅਨੇਕਾਂ ਸਦ ਗ੍ਰਹਿਸਤੀਆਂ ਨੂੰ ਦੁੱਧ-ਪੁੱਤ ਦੀਆਂ ਦਾਤਾਂ ਦੇ ਕੇ ਵਾਹਿਗੁਰੂ ਦੇ ਨਾਲ ਜੋੜਿਆ। ਆਪ ਇਸੇ ਤਰ੍ਹਾਂ ਸੇਵਾ-ਸਿਮਰਨ ਤੇ ਪਰਉਪਕਾਰ ਦੇ ਕਾਰਜ ਕਰਦਿਆਂ 2 ਫ਼ਰਵਰੀ 1979 ਈਸਵੀ ਨੂੰ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ, ਉਪਰੰਤ ਡੇਰੇ ਦੀ ਸੇਵਾ-ਸੰਭਾਲ ਸੇਵਾ-ਪੰਥੀ ਭੇਖ ਨੇ ਮਹੰਤ ਸੁਰਜੀਤ ਸਿੰਘ ਜੀ 'ਸੇਵਾ ਪੰਥੀ' ਨੂੰ ਸੌਂਪੀ, ਆਪ ਜੀ ਦੀ ਸਰਪ੍ਰਸਤੀ ਹੇਠ ਸ੍ਰੀਮਾਨ ਸੰਤ ਗਿਆਨੀ ਸੁੰਦਰ ਸਿੰਘ ਜੀ ਦੀ 23ਵੀਂ ਬਰਸੀ ਡੇਰਾ ਸੇਵਾ ਪੰਥੀ ਆਸ਼ਰਮ ਆਰ ਐਲ 275, ਮਾਡਲ ਟਾਊਨ, ਰੇਵਾੜੀ ਵਿਖੇ ਮਿਤੀ 31 ਜਨਵਰੀ 1, 2 ਫ਼ਰਵਰੀ ਮੁਤਾਬਿਕ 18, 19 ਤੇ 20 ਮਾਘ ਦਿਨ ਵੀਰਵਾਰ, ਸ਼ੁੱਕਰਵਾਰ ਤੇ ਸਨੀਵਾਰ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਤੇ ਸੇਵਾ ਪੰਥੀ, ਨਿਰਮਲੇ, ਉਦਾਸੀਨ ਸੰਤ-ਮਹੰਤ, ਗੁਣੀ-ਗਿਆਨੀ, ਰਾਗੀ-ਢਾਡੀ, ਪ੍ਰਚਾਰਕ ਹਰੀ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

- ਕਰਨੈਲ ਸਿੰਘ

****

## ਵਿਸ਼ੇਸ਼ ਸੂਚਨਾ

ਲੇਖਕ ਵਿਦਵਾਨਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਮੌਲਿਕ ਰਚਨਾਵਾਂ ਨੂੰ ਭੇਜਣ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣ :-

1. "ਭਾਈ ਘਨੱਈਆ ਸੇਵਾ ਜੋਤੀ" ਪਰਚੇ ਲਈ ਭੇਜਣ ਵਾਲੀ ਰਚਨਾ ਮੌਲਿਕ ਹੋਵੇ।
2. ਭੇਜਣ ਵਾਲੀ ਰਚਨਾ ਕਾਗਜ਼ ਦੇ ਇੱਕ ਪਾਸੇ ਹਾਸ਼ੀਆ ਛੱਡ ਕੇ ਸਾਫ-ਸਾਫ ਲਿਖੀ ਹੋਵੇ ਜਾਂ ਟਾਈਪ ਕੀਤੀ ਹੋਵੇ।
3. ਰਚਨਾ ਦੀ ਸ਼ੈਲੀ ਸਰਲ, ਸਪੱਸ਼ਟ ਤੇ ਹਰੇਕ ਪਾਠਕ ਦੇ ਸਮਝ 'ਚ ਆਉਣ ਵਾਲੀ ਹੋਵੇ।
4. ਰਚਨਾ ਵਿੱਚ ਗੁਰਬਾਣੀ ਦੀਆਂ ਤੁਕਾਂ ਤੇ ਪੰਨਾ ਨੰ: ਸੋਧ ਕੇ ਲਿਖਿਆ ਜਾਵੇ।
5. ਰਚਨਾ ਹਰ ਮਹੀਨੇ ਦੀ 10 ਤਰੀਖ ਤੱਕ ਭਾ: ਘ: ਸੇਵਾ ਜੋਤੀ ਦਫ਼ਤਰ ਵਿੱਚ ਪਹੁੰਚ ਜਾਣੀ ਚਾਹੀਦੀ ਹੈ।

ਸ: ਸੰਪਾਦਕ

# ਮਹੰਤ ਸਾਹਿਬ ਜੀ ਦੇ ਜਨਮ ਦਿਨ ਦੀ ਲੱਖ-ਲੱਖ ਵਧਾਈ ਹੋਵੇ

ਭਾਈ ਘਨੱਈਏ ਜੀ ਦੇ ਕੁਲ ਦੇ ਨਾਦੀ ਬੰਸਾਵਲੀ ਅਤੇ 12ਵੇਂ ਮੁੱਖ ਪੱਥ ਪਰਦ੍ਰਸ਼ਕ ਸ੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਦੇ 77ਵੇਂ (ਜਨਮ ਦਿਨ 12 ਫਰਵਰੀ 1925) ਜਨਮ ਦਿਨ ਦੀ ਸਮੂੰਹ ਸਾਧ ਸੰਗਤ ਨੂੰ ਲੱਖ-2 ਵਧਾਈ ਹੋਵੇ।

ਸ੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ 77 ਸਾਲ ਦੀ ਉਮਰ ਵਿੱਚ ਸੇਵਾ ਦੀ ਇੱਕ ਐਸੀ ਮਿਸਾਲ ਕਾਇਮ ਕੀਤੀ ਜੋ ਕਿ ਦੇਖਣ ਨੂੰ ਨਹੀਂ ਮਿਲਦੀ, ਸ੍ਰੀਮਾਨ 108 ਮਹੰਤ ਆਸਾ ਸਿੰਘ ਜੀ ਨੇ ਆਪ ਹੱਥੀ ਤਿਲਕ ਲਗਾ ਕੇ 14 ਜਨਵਰੀ 1974 ਨੂੰ ਵਰਤਮਾਨ ਸਮੇਂ ਡੇਰੇ ਦੀ ਸੇਵਾ ਸੰਭਾਲ ਆਪ ਜੀ ਨੂੰ ਦਿੱਤੀ ਆਪ ਜੀ ਨੇ ਸੇਵਾ ਦੀ ਐਸੀ ਮਿਸਾਲ ਕਾਇਮ ਕੀਤੀ ਜੋ ਅੱਜ ਦੇਖਣ ਨੂੰ ਮਿਲਦੀ ਹੈ ਆਪ ਜੀ ਤੇ ਐਸੀ ਕਿਰਪਾ ਹੈ ਚਿੱਤ ਕਰਦਾ ਆਪ ਨੂੰ ਹਰ ਵਕਤ ਦੇਖਦੇ ਹੀ ਰਹੀਏ, ਐਸਾ ਨੂਰ, ਐਸਾ ਤਪ ਅਗਰ ਹੈ ਤਾਂ ਆਪ ਜੀ ਪਾਸ ਹੀ ਹੈ ਦੇਸ਼ਾਂ-ਵਿਦੇਸ਼ਾਂ ਵਿੱਚ ਜਾ ਕੇ ਸਰੀਰ ਦੀ ਪਰਵਾਹ ਨਾ ਕਰਦੇ ਹੋਏ ਸਿੱਖੀ ਦਾ ਉਪਦੇਸ਼ ਅਤੇ ਸੰਗਤਾਂ ਨੂੰ ਨਾਮ ਨਾਲ ਜੋੜਨਾ ਸੇਵਾ ਪੰਥੀ ਦੀ ਇੱਕ ਐਸੀ ਲਹਿਰ ਚਲਾਈ ਦੇਸ਼ ਦੇ ਕੋਨੇ-ਕੋਨੇ ਤੇ ਟਿਕਾਣੇ ਬਣਾਏ, ਸਕੂਲ ਬਣਾਏ, ਹਸਪਤਾਲ ਅਤੇ ਭਾਈ ਘਨੱਈਆ ਡਾਕ ਟਿਕਟ, ਭਾਈ ਘਨੱਈਆ ਐਵਾਰਡ ਸ਼ੁਰੂ ਕਰਕੇ ਸਿੱਖ ਕੌਮ ਵਿੱਚ ਇੱਕ ਮਿਸਾਲ ਕਾਇਮ ਕੀਤੀ, ਦਾਸ ਹਰਵਿੰਦਰ ਸਿੰਘ ਟੀਟੂ ਨੂੰ ਦਿੱਲੀ ਵਿਖੇ ਨਾਲ ਰਹਿ ਕੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਆਪ ਜੀ ਜਨਮ ਤੋਂ ਹੀ ਕੌਮਲ, ਨਿਰਮਲ ਅਤੇ ਠੰਡੇ ਸੁਭਾਅ ਦੇ ਸੀ ਜੋਕਿ ਇੱਕ ਸੰਤ ਦੀ ਪਹਿਚਾਣ ਹੁੰਦੀ ਹੈ। ਜਿਸ ਤਰਫ ਵੀ ਆਪ ਜੀ ਜਾਂਦੇ ਸੰਗਤਾਂ ਦਰਸ਼ਨਾਂ ਲਈ ਜੁੜ ਜਾਂਦੀਆਂ ਹਨ ਸਿੱਖ ਪੰਥ ਨੂੰ ਆਪ ਜੀ ਉਪਰ ਮਾਣ ਹੈ ਹੀ ਵਾਹਿਗੁਰੂ ਬਖਸ਼ਿਸ਼ ਕਰੇ ਇਸੀ ਤਰ੍ਹਾਂ ਆਪ ਜੀ ਸਿੱਖ ਕੌਮ ਦੀ ਸੇਵਾ ਕਰਦੇ ਰਹੋ ਅਤੇ ਨਾਮ ਸਿਮਰਨ ਅਤੇ ਸੇਵਾ ਨਾਲ ਸੰਗਤਾਂ ਨੂੰ ਜੋੜਦੇ ਰਹੋ ਵਾਹਿਗੁਰੂ ਆਪ ਜੀ ਨੂੰ ਲੰਬੀ ਉਮਰ ਅਤੇ ਪੂਰਨ ਦੇਹ ਅਰੋਗਤਾ ਬਖਸ਼ੇ।

ਆਪ ਜੀ ਦੇ ਦਰਸ਼ਨ ਕਰਕੇ ਮਨ ਵਿੱਚ ਸ਼ਾਂਤੀ ਅਤੇ ਸੇਵਾ ਕਰਨ ਦੀ ਇੱਛਾ ਹੁੰਦੀ ਹੈ।

ਇੱਕ ਵਾਰ ਦੀ ਗੱਲ ਹੈ ਕਿ ਤਕਰੀਬਨ 3 ਸਾਲ ਪਹਿਲੇ ਬਾਬਾ ਜੀ ਅਤੇ ਸ੍ਰੀਮਾਨ 108 ਮਹੰਤ ਪਰਮ ਜੀਤ ਸਿੰਘ ਜੀ ਦੇ ਨਾਲ ਬਦਾਯੂੰ (U.P.) ਵਿਖੇ ਇਥੇ ਪ੍ਰੋਗਰਾਮ ਤੇ ਜਾਣ ਲਈ ਦਿੱਲੀ ਪਹੁੰਚੇ ਦਿੱਲੀ ਤੋਂ ਬਦਾਯੂੰ ਜਾਣਾ ਸੀ ਬਾਬਾ ਜੀ ਨੇ ਦਾਸ ਨੂੰ ਹੁਕਮ ਕੀਤਾ ਕੀ ਸੇਵਾਦਾਰ ਗੁਰਚਰਨ ਸਿੰਘ ਸਾਡੇਂ ਨਾਲ ਨਹੀਂ ਆਇਆ ਇਸ ਲਈ ਨਾਲ ਚੱਲਣਾ ਹੈ ਸੋ ਦਾਸ ਨੇ ਬਾਬਾ ਜੀ ਨੂੰ ਨਾਂਹ ਨਹੀਂ ਕੀਤੀ ਅਤੇ ਦੱਸਿਆ ਵੀ ਨਹੀਂ, ਟਿਕਾਣਾ ਪੰਜਾਬੀ ਬਾਗ ਤੋਂ ਗੁਰਦੁਵਾਰਾ ਰਕਾਬਗੰਜ ਚਲਾ ਗਿਆ। ਰਸਤੇ ਵਿੱਚ ਦਾਸ ਤਿੰਨ ਵਾਰ ਬਸ ਨਾਲ ਐਕਸੀਡੈਂਟ ਹੋਣ ਤੋਂ ਬਚਿਆ ਜਦੋ ਰਕਾਬਗੰਜ ਪਹੁੰਚ ਕੇ ਮੱਥਾ ਟੇਕਿਆ ਤਾਂ ਬਾਬਾ ਜੀ ਦਾ ਸਰੂਪ ਹੀ ਨਜ਼ਰ ਆਉਂਦਾ ਰਿਹਾ ਜਦੋ ਦਾਸ ਨੇ ਪੰਜਾਬੀ ਬਾਗ ਫੋਨ ਕੀਤਾ ਤਾਂ ਪਤਾ ਚੱਲਿਆ ਕਿ ਦੋ ਘੰਟੇ ਇੰਤਜਾਰ ਕਰਕੇ ਚੱਲੇ ਗਏ। ਦਾਸ ਨੇ ਆਪਣੇ ਆਪ ਨੂੰ ਬਹੁਤ ਕੋਸਿਆ। ਅਗਰ ਬਾਬਾ ਜੀ ਦਾ ਹੁਕਮ ਮੰਨ ਲਿਆ ਹੁੰਦਾ ਤਾਂ ਇਹ ਕੰਮ ਨਾ ਹੁੰਦਾ ਜਦੋਂ ਬਾਬਾ ਜੀ ਦਿੱਲੀ ਪਹੁੰਚੇ ਦਾਸ ਨੇ ਮੁਆਫੀ ਮੰਗੀ ਤਾਂ ਜਾਕੇ ਮਨ ਨੂੰ ਸ਼ਾਂਤੀ ਆਈ। ਸੋ ਐਸੀ ਇੱਕ ਮਿਸਾਲ ਹੈ ਬਾਬਾ ਜੀ ਦੀ ਸੋ ਮਹਾਰਾਜ ਬਖਸ਼ਿਸ਼ ਕਰੇ ਬਾਬਾ ਜੀ ਨੂੰ ਲੰਬੀ ਉਮਰ ਅਤੇ ਪੂਰਨ ਦੇਹ ਅਰੋਗਤਾ ਅਤੇ ਇਸੇ ਤਰ੍ਹਾਂ ਹੀ ਦਸ਼ ਕੋਮ ਦੀ ਸੇਵਾ ਕਰਦੇ ਰਹਿਣ ਦਾ ਬਲ ਬਖਸ਼ਣ।

-ਹਰਵਿੰਦਰ ਸਿੰਘ ਟੀਟੂ ਦਿੱਲੀ

# ਰਵਿਦਾਸ ਜੀ ਰੱਬ ਦੇਖਿਆ ਕਿਵੇਂ ?

ਗੁਰੂ ਅਰਜਨ ਦੇਵ ਜੀ ਨੇ ਗੁਰੂ ਗਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਬਾਰੇ ਲਿਖਦਿਆਂ ਕਿਹਾ ਹੈ :-

**ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥**
**ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥**

ਭਾਵ ਪਿਤਾ ਪੁਰਖੀ ਕਿੱਤੇ ਅਨੁਸਾਰ ਰਵਿਦਾਸ, ਮਰੇ ਹੋਏ ਪਸ਼ੂ ਨਿੱਤ ਧੂ ਕੇ ਲਿਜਾਂਦਾ ਸੀ। ਉਸ ਨੇ ਮਾਇਆ ਦਾ ਪਿਆਰ ਛੱਡ ਦਿੱਤਾ ਅਤੇ ਸਾਧ ਸੰਗਤ-ਵਿਚ ਭਗਤ ਵਜੋਂ ਪ੍ਰਗਟ ਹੋ ਕੇ ਪ੍ਰਭੂ ਦੇ ਦਰਸ਼ਨ ਕੀਤੇ।

ਸੱਚ ਦੇ ਖੋਜੀਆਂ ਨੂੰ ਵਿਚਾਰਨਾ ਚਾਹੀਦਾ ਹੈ ਕਿ ਰਵਿਦਾਸ ਜੀ ਨੇ ਰੱਬ ਦੇ ਦਰਸ਼ਨ ਕਿਨ੍ਹਾਂ ਗੁਣਾਂ ਸਦਕਾ ਕੀਤੇ।

**ਭਗਤ ਜੀ ਤਿਆਗੀ ਤੇ ਸੰਤੋਖੀ ਸਨ :**

ਭਗਤ ਜੀ ਦਾ ਜਨਮ ਕਾਂਸ਼ੀ ਸ਼ਹਿਰ ਵਿਖੇ ਚਮਾਰਾਂ ਦੇ ਘਰ ਹੋਇਆ। ਪਿਤਾ ਸ੍ਰੀ ਰਾਘੂ ਜੀ ਅਤੇ ਮਾਤਾ ਧੁਰਬਿਨੀਆ ਜੀ ਭਾਵੇਂ ਚੰਗੇ ਅਮੀਰ ਸਨ, ਪਰ ਪੁਤਰ ਦੇ ਦਾਨੀ ਸੁਭਾਅ ਨੂੰ ਪਸੰਦ ਨਹੀਂ ਕਰਦੇ ਸਨ। ਬਚਪਨ ਤੋਂ ਹੀ ਭਗਤ ਜੀ ਪਰੇਮਾ ਭਗਤੀ ਅਤੇ ਸਬਰ-ਸੰਤੋਖ ਦੇ ਗੁਣਾਂ ਨਾਲ ਭਰਪੂਰ ਸਨ। ਘੱਟ ਖਾਂਦੇ, ਥੋੜਾ ਸੌਂਦੇ, ਸਾਧੂਆਂ ਸੰਤਾਂ ਦੀ ਸੰਗਤ ਵਿਚ ਪ੍ਰਭੂ ਭਗਤੀ ਕਰਦੇ। ਜਦ ਗਰੀਬ ਗੁਰਬੇ ਨੂੰ ਦੇਖਦੇ ਤਾਂ ਰੋਟੀ ਖੁਆਉਂਦੇ। ਜਦ ਕਿਸੇ ਨੂੰ ਨੰਗੀ ਪੈਰੀਂ ਦੇਖਦੇ ਤਾਂ ਬਿਨਾਂ ਮੁੱਲ ਲਏ ਪੈਰਾਂ ਵਾਸਤੇ ਜੋੜਾਂ ਦੇ ਦੇਂਦੇ। ਉਹਨਾਂ ਦਾ ਸੁਭਾਅ ਚਿਤਰਦਿਆਂ ਕਵੀ ਬਰਕਤ ਸਿੰਘ ਨੇ ਲਿਖਿਆ ਹੈ :-

**ਸਾਧੂ ਸੰਤ ਭਿਖਾਰੀ ਕੋਈ, ਆਵੈ ਚਲ ਦੁਆਰੇ।**
**ਜੋੜੇ ਮੁਫਤ ਉਹਨਾਂ ਨੂੰ ਦੇ ਕੇ, ਰੱਬ ਦਾ ਸ਼ੁਕਰ ਗੁਜ਼ਾਰੇ।**

ਇਸੇ ਸੁਭਾਅ ਨੂੰ ਦੇਖ ਕੇ ਪਿਤਾ ਜੀ ਨੇ ਭਗਤ ਜੀ ਦਾ ਬੀਬੀ ਲੋਣਾਂ ਨਾਲ ਵਿਆਹ ਕਰ ਦਿੱਤਾ ਅਤੇ ਜਾਇਦਾਦ ਦੇ ਹਿੱਸੇ ਵਿੱਚੋਂ ਬਿਨਾਂ ਕੁਝ ਦਿੱਤੇ ਵੱਖਰੇ ਕਰ ਦਿੱਤਾ। ਆਪ ਜੀ ਨੇ ਸਾਦਾ ਜੇਹੀ ਝੁੱਗੀ ਬਣਾ ਲਈ ਤੇ ਧਰਮ-ਪਤਨੀ ਸਣੇ ਗ੍ਰਹਿਸਤੀ ਜੀਵਨ ਬਤੀਤ ਕਰਨ ਲੱਗੇ।

**ਭਗਤ ਜੀ ਮਾਇਆ ਤੋਂ ਨਿਰਲੇਪ ਸਨ :**

ਭਗਤ ਰਵਿਦਾਸ ਜੀ ਜੁੱਤੀਆਂ ਬਣਾਉਣ ਦੀ ਸਧਾਰਨ ਸੁਕ੍ਰਿਤ ਕਰਦੇ ਸਨ। ਆਏ-ਗਏ ਸਾਧੂਆਂ ਸੰਤਾਂ ਦੀ ਸੇਵਾ ਵੀ ਕਰਦੇ ਰਹਿੰਦੇ ਸਨ। ਇਸ ਕਰਕੇ ਰੁਪੈ-ਪੈਸੇ ਵਲੋਂ ਹੱਥ ਤੰਗ ਹੀ ਰਹਿੰਦਾ ਸੀ। ਪਰ ਪ੍ਰਭੂ-ਸਿਮਰਨ ਵਿਚ ਆਪ ਜੀ ਕਦੀ ਢਿੱਲ ਨਾ ਆਉਣ ਦਿੰਦੇ। ਇਕ ਚਕੱਰਵਰਤੀ ਸਾਧੂ, ਆਪ ਜੀ ਦੀ ਛੱਪਰੀ ਵਿਚ, ਇਹ ਕਹਿ ਕੇ ਪਾਰਸ (ਇਕ ਪਥੱਰ) ਰੱਖ ਗਿਆ ਕਿ ਪਾਰਸ ਨੂੰ ਲੋਹੇ ਨਾਲ ਰਗੜ ਕੇ ਸੋਨਾ ਬਣਾ ਲੈਣਾ ਅਤੇ ਅਮੀਰ ਗ੍ਰਹਿਸਤੀ ਬਣ ਜਾਣਾਂ।

ਜਦ ਇਕ ਸਾਲ ਬਾਅਦ ਸਾਧ ਵਾਪਸ ਆਇਆ ਤਾਂ ਪਾਰਸ ਨੂੰ ਉਥੇ ਹੀ ਪਿਆ ਦੇਖ ਕਹਿਣ ਲੱਗਾ-'ਭਗਤ ਜੀ! ਤੁਸੀਂ ਸੋਨਾ ਬਣਾ ਕੇ ਧਨਵਾਨ ਕਿਉਂ ਨਹੀਂ ਬਣੇ।' ਭਗਤ ਜੀ ਕਹਿਣ ਲੱਗੇ -ਪ੍ਰਮੇਸ਼ਰ ਦੀ ਪ੍ਰੇਮ-ਭਰੀ ਯਾਦ ਨਾਲ ਮੈਨੂੰ ਅਜਿਹਾ ਸੱਚਾ-ਧਨ ਲੱਭਾ ਹੈ ਕਿ ਸੰਸਾਰ ਦੇ ਧਨ ਦੀ ਲੋੜ ਹੀ ਨਹੀਂ ਰਹੀ। ਭਗਤ ਜੀ ਦੇ ਬਚਨ ਸੁਣਕੇ ਉਹ ਸਾਧੂ ਰਵਿਦਾਸ ਜੀ ਦੇ ਚਰਨਾਂ ਉਤੇ ਢਹਿ ਪਿਆ ਅਤੇ ਧੰਨ ਰਵਿਦਾਸ ਜੀ,ਧੰਨ ਰਵਿਦਾਸ ਜੀ ਕਰਦਾ ਚਲਾ ਗਿਆ, ਇਸੇ ਨਿਰਲੇਪਤਾ ਕਰਕੇ ਭਗਤ ਜੀ ਨੇ ਪ੍ਰਮਾਤਮਾ ਜੀ ਦੇ ਅੰਤਰ-ਆਤਮੇ ਦਰਸ਼ਨ ਕੀਤੇ।

**ਭਗਤ ਜੀ ਸ੍ਵੈ-ਭਰੋਸੇ ਵਾਲੇ ਬ੍ਰਹਮ-ਗਿਆਨੀ ਸਨ :**

ਮੱਧ-ਕਾਲ ਦੇ ਭਾਰਤੀ ਲੋਕ ਆਮ ਕਰਕੇ ਦੋ (ਸੋਚਾਂ) ਅਹਿਸਾਸਾਂ ਦੇ ਗੁਲਾਮ ਸਨ। ਵਧੀਆ ਹੋਣ ਦਾ ਅਹਿਸਾਸ ਅਤੇ ਘਟੀਆ ਹੋਣ ਦਾ ਅਹਿਸਾਸ। ਕਰੋੜਾਂ ਲੋਕ ਨੀਵੀਂ ਜਾਤ ਜਾਂ ਗਰੀਬੀ ਕਰਕੇ ਆਪਣੇ ਆਪ ਨੂੰ ਘਟੀਆ ਸਮਝਦੇ ਸਨ। ਕੁਝ ਲੋਕਾਂ ਵਿਚ ਅਮੀਰੀ ਜਾਂ ਉਚੀ ਜਾਤ ਕਰਕੇ ਵਡਿੱਤਣ ਦਾ ਅਹਿਸਾਸ ਸੀ। ਭਾਵੇਂ ਭਗਤ ਰਵਿਦਾਸ ਜੀ ਸਮੇਂ ਭੀ ਕਰੋੜਾਂ ਅਛੂਤ ਆਪਣੇ ਆਪ ਨੂੰ ਘਟੀਆ ਸਮਝਦੇ ਸਨ ਪਰ ਭਗਤ ਰਵਿਦਾਸ ਜੀ ਇਸ ਵਿਸ਼ਵਾਸ ਦੇ ਸਨ ਕਿ ਭਗਤੀ ਕੀਤਿਆਂ ਅਤੇ ਸ਼ੁਭ ਗੁਣਾਂ ਨੂੰ ਜੀਵਨ-ਅਮਲ ਵਿਚ ਲਿਆਇਆ ਹਰ ਪ੍ਰਾਣੀ ਉੱਚਾ ਹੋ ਸਕਦਾ ਹੈ। ਭਗਤ ਜੀ ਦਾ ਜੀਵਨ-ਇਤਿਹਾਸ ਤੇ ਬਾਣੀ ਇਸ ਤੱਥ ਨੂੰ ਸਾਫ਼ ਪ੍ਰਗਟ ਕਰਦੀ ਹੈ ਕਿ ਭਗਤ ਜੀ ਨੂੰ ਪ੍ਰਭੂ ਭਗਤੀ ਰਾਹੀਂ ਮਿਲੇ ਦੈਵੀ ਗੁਣਾਂ ਦਾ ਗੌਰਵ ਸੀ। ਜਦ ਸਮੇਂ ਦੀ ਪ੍ਰੋਹਿਤ ਸ਼ਰੇਣੀ ਨੇ ਰਾਜੇ ਕੋਲ ਸ਼ਿਕਾਇਤ ਕੀਤੀ ਕਿ ਰਵਿਦਾਸ, ਜਾਤੀ ਦਾ ਸ਼ੂਦਰ ਹੋ ਕੇ ਪੂਜਾ-ਪਾਠ ਕਰ ਰਿਹਾ ਹੈ,ਲੋਕਾਂ ਨੂੰ ਉਪਦੇਸ਼ ਦੇ ਰਿਹਾ ਹੈ,ਵਰਣ-ਆਸ਼ਰਮ ਦੀ ਬਣੀ ਮਰਿਆਦਾ ਭੰਗ ਕਰ ਰਿਹਾ ਹੈ, ਉਚ ਜਾਤੀਆਂ ਦਾ ਧਰਮ ਭ੍ਰਿਸ਼ਟ ਕਰ ਰਿਹਾ ਹੈ ਤਾਂ ਭਗਤ ਜੀ ਨੇ ਰਾਜੇ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਸੈ ਭਰੋਸੇ ਨਾਲ ਕਿਹਾ-

ਸੱਚਾ ਧਰਮ ਉਹ ਹੈ ਜੋ ਮਨੁੱਖ ਮਾਤਰ ਲਈ ਹੋਵੇ। ਸਾਰੇ ਮਨੁੱਖ ਪੰਜਾਂ ਤੱਤਾਂ ਦੇ ਬਣੇ ਹੋਏ ਹਨ। ਸਾਰਿਆਂ ਵਿੱਚ ਇਕੋ ਪ੍ਰਭੂ ਦੀ ਜੋਤ ਹੈ। ਭਾਵੇਂ ਉਸ ਦੇ ਅਨੇਕਾਂ ਨਾਮ ਹੰਨ ਪਰ ਉਹ ਸਾਰਿਆਂ ਦਾ ਸਾਂਝਾ ਪਿਤਾ ਹੈ। ਊਚ-ਨੀਚ ਜਾਂ ਜਾਤ-ਪਾਤ ਦਾ ਵਿਤਕਰਾ ਮਨੁੱਖ ਦਾ ਪਾਇਆ ਹੋਇਆ ਹੈ। ਜਦੋਂ ਹਰ ਕੋਈ ਰੱਬ ਦੀਆਂ ਦਾਤਾਂ ਹਵਾ, ਪਾਣੀ, ਰੌਸ਼ਨੀ ਆਦਿ ਵਰਤ ਸਕਦਾ ਹੈ ਤਾਂ ਨਾਮ-ਸਿਮਰਨ ਰਾਹੀਂ ਆਤਮਿਕ ਉਨਤੀ ਕਿਉਂ ਨਹੀਂ ਕਰ ਸਕਦਾ; ਪ੍ਰਮੇਸ਼ਰ ਦੀਆਂ ਵਿਚਾਰਾਂ ਕਿਉਂ ਨਹੀਂ ਕਰ ਸਕਦਾ। ਭਗਤ ਜੀ ਦੇ ਬਚਨ ਸੁਣਕੇ ਸਾਰੇ ਚੁਪ ਹੋ ਗਏ ਤੇ ਰਾਜੇ ਨੇ ਵੀ ਸਿਰ ਨਿਵਾਇਆ। ਕਿੰਨਾ ਵਿਸ਼ਵਾਸ਼ ਹੈ ਭਗਤ ਜੀ ਦੇ ਇਨ੍ਹਾਂ ਬਚਨਾਂ ਵਿਚ :-

ਰਵਿਦਾਸੁ ਜਪੈ ਰਾਮ ਨਾਮਾ ॥ ਮੋਹਿ ਜਮ ਸਿਉ ਨਾਹੀ ਕਾਮਾ ॥

ਕਹਿ ਰਵਿਦਾਸ ਜੋ ਜਾਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥

**ਭਗਤ ਜੀ ਹਉਮੈ ਤੋਂ ਮੁਕਤ ਸਨ :**

ਇਕ ਸੇਠ ਨੇ ਆਪ ਜੀ ਦਾ ਉੱਚਾ ਸੁੱਚਾ ਜੀਵਨ ਦੇਖ ਕੇ ਆਪ ਜੀ ਲਈ ਸੁਹਣਾ ਮਕਾਨ ਬਣਾ ਦਿੱਤਾ। ਆਪ ਜੀ ਚਾਹੁੰਦੇ ਤਾਂ ਉਸ ਮਕਾਨ ਨੂੰ ਆਪਣੇ ਐਸ਼-ਆਰਾਮ ਲਈ ਵਰਤ ਸਕਦੇ ਸਨ ਪਰ ਆਪ ਜੀ ਨੇ ਉਸ ਨੂੰ ਮੰਦਰ ਤੇ ਸਰਾਂ ਦਾ ਰੂਪ ਦਿੱਤਾ। ਆਏ ਗਏ ਮੁਸਾਫਰਾਂ ਨੂੰ ਸਰਾਂ ਵਿਚ ਆਰਾਮ ਮਿਲਦਾ। ਮੰਦਰ ਵਿਚ ਪ੍ਰਭੂ-ਉਸਤਤਿ ਦੇ ਸ਼ਬਦ ਗਾਏ ਜਾਂਦੇ। ਪਰੇਮਾਂ ਭਗਤੀ ਵਿਚ ਲੀਨ ਹੋ ਕੇ ਜਦੋਂ ਆਪਜੀ ਇਨ੍ਹਾਂ ਤੁਕਾਂ ਨੂੰ ਗਾਉਂਦੇ ਤਾਂ ਸੁਨਣ ਵਾਲਿਆਂ ਦੀ ਮੈਲ ਧੋ ਦੇਂਦੇ :

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥

ਤੁਮ ਸਿਉ ਜੋਰਿਅਵਰ ਸੰਗਿ ਤੋਰੀ ॥

ਭਾਵੇਂ ਚਿਤੌੜ ਦੀ ਰਾਣੀ ਝਾਲਾ ਬਾਈ ਆਪ ਜੀ ਦੀ ਚੇਲੀ ਬਣੀ। ਫੇਰ ਵੀ ਆਪ ਨਿਰਮਾਣ ਰਹੇ ਅਤੇ ਉਸ ਨੂੰ ਸਖਸ਼ੀ ਪੂਜਾ ਤੋਂ ਉੱਚਾ ਕਰਕੇ ਨਿਰਗੁਨ ਬ੍ਰਹਮ ਦੀ ਪੁਜਾਰਨ ਬਣਾਇਆ।

**ਭਗਤ ਜੀ ਹਰ ਕਰਮ ਪ੍ਰਭੂ-ਪ੍ਰਾਇਣ ਹੋ ਕੇ ਕਰਦੇ ਸਨ :**

ਦੁਨੀਆਂ ਦਾ ਆਮ ਮਨੁੱਖ ਜਿਥੇ ਲੋਕ-ਲਾਜ ਦਾ ਗੁਲਾਮ ਹੈ ,ਉਥੇ ਨਾਲ ਹੀ ਪੰਜ ਇੰਦ੍ਰੀਆਂ ਦੇ ਰਸਾਂ ਦਾ ਭੀ ਗੁਲਾਮ ਹੈ। ਭਗਤ ਜੀ ਨੇ ਆਪਣੇ ਹਰ ਗਿਆਨ ਇੰਦਰੇ ਨੂੰ ਪ੍ਰਭੂ-ਭਗਤੀ ਰਾਹੀਂ ਸੰਜਮ ਵਿਚ ਕਰ ਲਿਆ ਸੀ। ਆਪ ਜੀ ਕਹਿੰਦੇ ਹਨ ਕਿ ਅੰਤਰ-ਆਤਮੇ ਪ੍ਰਭੂ ਦੇ ਦਰਸ਼ਨ ਮੈਂ ਇਸ ਲਈ ਕਰ ਲਏ ਹਨ ਕਿਉਂਕਿ ਮੇਰਾ ਚਿੱਤ ਹਰ ਵੇਲੇ ਨਾਮ ਸਿਮਰਨ ਵਿਚ ਰਹਿੰਦਾ ਹੈ, ਮੇਰੀਆਂ ਅੱਖਾਂ ਹਰ ਵੇਲੇ ਰੱਬੀ ਨੂਰ ਦਾ ਦਰਸ਼ਨ ਕਰਦੀਆਂ ਹਨ; ਮੇਰੇ ਕੰਨ ਹਰ ਵੇਲੇ ਰੱਬੀ ਨਾਦ ਸੁਣਦੇ ਹਨ;

ਮੇਰੀ ਰਸਨਾ ਹਰ ਵੇਲੇ ਅੰਮ੍ਰਿਤ ਬਾਣੀ ਉਚਾਰਦੀ ਹੈ।

ਚਿਤ ਸਿਮਰਨ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥

ਆਪ ਜੀ ਆਪਣੇ ਆਪ ਨੂੰ ਇਸਤਰੀ ਤੇ ਪ੍ਰਭੂ ਨੂੰ ਪਤੀ ਸਵੀਕਾਰ ਕਰਦੇ ਹਨ। ਜਿਵੇਂ ਸੁਹਾਗਣ ਇਸਤਰੀ ਸੱਚੇ ਪਿਆਰ ਰਾਹੀਂ ਜੀਵਨ ਦਾ ਸੱਚਾ ਅਨੰਦ ਮਾਣਦੀ ਹੈ। ਤਿਵੇਂ ਹੀ ਭਗਤ ਜੀ ਨੂੰ ਪ੍ਰਭੂ-ਪਤੀ ਨੂੰ ਆਪਣਾ ਆਪ ਅਰਪਣ ਕਰਕੇ ਸੱਚੀ ਸੁਹਾਗਣ ਜਿਹਾ ਅਨੰਦ ਮਾਣਿਆ।

**ਸਹ ਕੀ ਸਾਰ ਸੁਹਾਗਨਿ ਜਾਨੈ ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥**
**ਤਨੁ ਮਨੁ ਦੇਇ ਨ ਅੰਤਰੁ ਰਾਖੈ ॥ ਅਵਰਾ ਦੇਖਿ ਨ ਸਨੈ ਅਭਾਖੈ ॥**

**ਭਗਤ ਜੀ ਨੇ ਪ੍ਰਭੂ-ਦਰਸ਼ਨ ਕਰਕੇ ਉਚੇ ਮੰਡਲ ਦੇਖੇ :**

ਜਿਵੇਂ ਜਪੁਜੀ ਸਾਹਿਬ ਵਿਚ ਪੰਜਾ ਖੰਡਾਂ,ਦਾ ਨਕਸ਼ਾ ਖਿਚਿਆ ਗਿਆ ਹੈ ਅਤੇ ਸੱਚ ਖੰਡਿ ਵਸੈ ਨਿਰੰਕਾਰੁ॥ ਦਾ ਅਨੂਪਮ ਚਿੱਤਰ ਦਰਸਾ ਕੇ ਮਨੁੱਖ ਨੂੰ ਸਚਿਆਰ ਬਣਨ ਲਈ ਪ੍ਰੇਰਿਤ ਕੀਤਾ ਹੈ; ਤਿਵੇਂ ਹੀ ਭਗਤ ਰਵਿਦਾਸ ਜੀ ਨੇ ਉਚੇ ਆਤਮਿਕ ਮੰਡਲਾਂ ਬਾਰੇ ਮਨੁੱਖਤਾ ਨੂੰ ਰੌਸ਼ਨੀ ਦਿੱਤੀ ਹੈ। ਆਪ ਜੀ ਨੇ ਉਸ ਸ਼ਹਿਰ ਨੂੰ ਬੇਗਮ ਪੁਰੇ ਦਾ ਨਾਮ ਦਿੱਤਾ ਹੈ, ਜਿਥੇ ਪ੍ਰਮੇਸ਼ਰ ਜੀ ਵਸਦੇ ਹਨ ਅਤੇ ਜਿਥੇ ਸਦਾ ਆਨੰਦ ਹੈ, ਖੇੜਾ ਹੈ, ਨਿਆਇ ਹੈ। ਉਸ ਰੱਬੀ ਸ਼ਹਿਰ ਦੀ ਕੇਹੀ ਅਨੂਪਮ ਤਸਵੀਰ ਖਿਚੀ ਹੈ-

**ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹੀ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥**
**ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥**

ਸਾਰੀ ਵਿਚਾਰ ਦਾ ਤਾਜ ਪਰਜ ਇਹ ਹੈ ਕਿ ਭਗਤ ਰਵਿਦਾਸ ਜੀ ਨੇ ਪ੍ਰਭੂ ਜੀ ਦੇ ਦਰਸ਼ਨ ਕੀਤੇ, ਮਾਇਆ ਤੋਂ ਨਿਰਲੇਪ ਹੋ ਕੇ; ਸੰਜਮੀ ਜੀਵਨ ਬਿਤਾ ਕੇ; ਸਬਰ-ਸੰਤੋਖ ਨੂੰ ਰੋਜ਼ਾਨਾ ਜੀਵਨ ਦੇ ਗਹਿਣੇ ਬਣਾ ਕੇ; ਪੂਰਨ ਭਰੋਸੇ ਨਾਲ ਸੱਚੇ ਨਾਮ ਦੀ ਅਰਾਧਨਾ ਕਰਕੇ।

- ਅਨਮੋਲ ਸਾਖੀਆਂ ਵਿਚੋਂ

****

# ਲੰਗਰ

-ਨਿਰਮਲ ਸਿੰਘ ਨੂਰ

"ਲੰਗਰ" ਫਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਪਾਕਸ਼ਾਲਾ, ਰਸੋਈ, ਉਹ ਜਗ੍ਹਾ ਜਿਥੋਂ ਅਨਾਥਾਂ, ਗਰੀਬਾਂ ਨੂੰ ਅੰਨ ਦਾਨ ਮਿਲੇ, ਲੰਗਰ ਪੁਰਾਤਨ ਸਮਿਆਂ ਵਿਚ ਸੂਫੀਆਂ ਦੇ ਡੇਰਿਆਂ ਵਿਚ ਵਰਤਦਾ ਸੀ, ਪਰੰਤੂ ਅੱਜ-ਕੱਲ੍ਹ ਗੁਰੂ ਘਰ ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ। ਲੰਗਰ ਲੋਹੇ ਦੇ ਵਜ਼ਨਦਾਰ ਕੁੰਡੇ ਦਾ ਵੀ ਨਾਮ ਹੈ ਜਿਸ ਨੂੰ ਪਾਣੀ ਵਿਚ ਸੁੱਟ ਕੇ ਜਹਾਜ਼ ਨੂੰ ਠਹਿਰਾਇਆ ਜਾਂਦਾ ਹੈ। ਜਿਵੇਂ ਕੁੰਡਾ ਪਾ ਕੇ ਤੁਰਦੇ ਜਹਾਜ਼ ਨੂੰ ਰੋਕਿਆ ਜਾਂਦਾ ਹੈ। ਬਿਲਕੁੱਲ ਇਸੇ ਤਰ੍ਹਾਂ ਸੰਸਾਰ ਸਮੁੰਦਰ ਵਿੱਚ ਸਰੀਰ ਰੂਪੀ ਜਹਾਜ਼ ਚਲਾਉਂਦੇ ਸਮੇਂ ਲੰਗਰ ਪਾਉਣਾ ਹੈ ਤੇ ਉਦਰ ਪੂਰ ਦੇ ਮੰਜ਼ਲ ਵੱਲ ਵਧੀ ਜਾਣਾ ਹੈ। ਲੰਗਰ ਦਾ ਸੰਬੰਧ ਲੋਹੇ ਨਾਲ ਹੈ। ਇਸ ਲਈ ਇਸ ਨੂੰ ਲੋਹ-ਲੰਗਰ ਕਿਹਾ ਜਾਂਦਾ ਹੈ। ਸਿੱਖ ਜਗਤ ਅੰਦਰ ਲੰਗਰ ਦੀ ਆਰੰਭਤਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੁੰਦੀ ਹੈ। ਪਿਤਾ ਕਲਿਆਣ ਚੰਦ ਜੀ ਨੇ ਵੀਹ ਰੁਪਏ ਦੇਣੇ ਕਿ ਜਾਉ ਕੋਈ ਖਰਾ ਸੌਦਾ ਕਰੋ। ਆਪ ਜੀ ਨੇ ਲੋੜਵੰਦ ਮਹਾਤਮਾ ਨੂੰ ਭੋਜਨ ਛਕਾਉਣ ਉਪਰੰਤ ਪਿਤਾ ਜੀ ਨੂੰ ਕਹਿਣਾ ਕਿ ਭੁੱਖੇ ਨੂੰ ਭੋਜਨ ਛਕਾ ਦੇਣਾ ਇਸ ਵਰਗਾ ਹੋਰ ਕੋਈ ਵੀ ਖਰਾ ਸੌਦਾ ਨਹੀਂ ਹੋ ਸਕਦਾ ਹੈ। ਸੱਚਮੁੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਹ ਵੀਹ ਰੁਪੈ ਹੀ ਅੱਜ ਸੰਸਾਰ ਭਰ ਵਿਚ ਸਿੱਖੀ ਲੰਗਰ ਦੇ ਖਜ਼ਾਨੇ ਬਣੇ ਹੋਏ ਨਜ਼ਰ ਆ ਰਹੇ ਹਨ। ਦੂਜੀ ਪਾਤਿਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ ਦੀ ਐਸੀ ਪ੍ਰਭੁਤਾ ਸੀ ਕਿ ਮਾਤਾ ਖੀਵੀ ਜੀ ਦੁੱਧ ਦੀ ਬਣੀ ਖੀਰ ਵਿਚ ਸ਼ੁੱਧ ਦੇਸੀ ਘਿਉ ਵਰਤਾਇਆ ਕਰਦੇ ਹਨ। ਫੁਰਮਾਨ ਹੈ --

**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥**

ਤੀਜੇ ਪਾਤਿਸ਼ਾਹ ਜੀ ਨੇ ਪੰਗਤ ਨੂੰ ਲਾਜ਼ਮੀ ਕਰਾਰ ਦੇ ਕੇ ਕਿਹਾ "ਪਹਿਲੇ ਪੰਗਤ ਪਾਛੈ ਸੰਗਤ" ਸ਼ਰਧਾਲੂ ਦਰਸ਼ਨ ਕਰਨ ਆਉਂਦੇ ਪਹਿਲੇ ਭੋਜਨ ਛਕਦੇ। ਇਥੋਂ ਤੱਕ ਕੇ ਹਿੰਦੁਸਤਾਨ ਦਾ ਬਾਦਸ਼ਾਹ ਅਕਬਰ ਵੀ ਉਸੇ ਹੀ ਪੰਗਤ ਵਿਚ ਬੈਠਿਆ ਜਿਥੇ ਗਰੀਬ-ਅਮੀਰ ਬਗੈਰ ਵਿਤਕਰੇ ਬੈਠਦੇ ਸਨ।

ਜਦ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਛੋਟੀ ਸਾਹਿਬਜ਼ਾਦੀ ਬੀਬੀ ਭਾਨੀ ਜੀ ਦੇ ਰਿਸ਼ਤੇ ਵਾਸਤੇ ਵਰ ਦੀ ਚੋਣ ਕੀਤੀ ਸੀ ਤਾਂ ਉਸ ਸਮੇਂ ਜੇਠਾ ਜੀ ਨੇ ਕਿਹਾ ਸਤਿਗੁਰੂ ਜੀ ਮੈਂ ਬੜਾ ਮਸਕੀਨ ਹਾਂ, ਆਏ ਗਏ ਰਿਸ਼ਤੇਦਾਰ ਨੂੰ ਪ੍ਰਸ਼ਾਦਿ ਪਾਣੀ ਛਕਾਉਣ ਤੋਂ ਵੀ ਅਸਮਰੱਥ ਹਾਂ। ਸਤਿਗੁਰੂ ਜੀ ਨੇ ਕਿਹਾ, ਬੇਟਾ! ਤੂੰ ਕੇਵਲ ਰਿਸ਼ਤੇਦਾਰ ਨੂੰ ਭੋਜਨ ਛਕਾਉਣ ਦੀ ਗੱਲ ਕਰਦਾ ਹੈ, ਸਮਾਂ ਆਉਣ ਤੇ ਤੇਰੇ ਘਰ ਵਿਚੋਂ ਹਜ਼ਾਰਾਂ ਸ਼ਰਧਾਲੂ ਭੋਜਨ ਛੱਕ ਕੇ ਤ੍ਰਿਪਤੀ ਪ੍ਰਾਪਤ ਕਰਨਗੇ। ਬਿਲਕੁੱਲ ਅੱਜ ਵੀ ਏਸੇ ਤਰ੍ਹਾਂ ਪਰੰਪਰਾ ਕਾਇਮ ਹੈ। ਸਿੱਖ ਸੰਗਤ ਅੰਦਰ ਸੰਸਾਰ ਦੇ ਦੂਜੇ ਧਰਮਾਂ ਨਾਲੋਂ ਵਿਸ਼ੇਸ਼ ਵਾਧਾ ਤੇ ਵਡਿਆਈ ਹੈ। ਲੰਗਰ ਦੀ ਸੇਵਾ ਕਰਕੇ ਹੀ ਸਤਿਗੁਰੂ ਜੀ ਦੀ ਖੁਸ਼ੀ ਪ੍ਰਾਪਤ ਹੁੰਦੀ ਹੈ। ਅਜੋਕੇ ਸਮੇਂ ਵਿਚ ਵੀ ਗੁਰਦੁਆਰੇ ਇਸ ਗੱਲ ਦੀ ਗਰੰਟੀ ਹਨ ਕਿ ਇਥੋਂ ਭੁੱਖੇ ਨੂੰ ਭੋਜਨ ਜ਼ਰੂਰ ਪ੍ਰਾਪਤ ਹੁੰਦਾ ਹੈ।

ਸਾਂਈ ਬੁਲ੍ਹੇ ਸ਼ਾਹ ਜੀ ਨੇ ਤਾਂ ਗੁਰੂ ਘਰ ਦੀ ਮਹਾਨਤਾ ਨੂੰ ਇੰਝ ਵਡਿਆਇਆ ਹੈ--

**ਇੱਟ ਖੜੱਕੇ, ਦੁੱਕੜ ਵੱਜੇ, ਨਾਲੇ ਤਪੇ ਚੁੱਲ੍ਹਾ।**
**ਇਹਨੀ ਗੱਲੀ ਰਬ ਵੀ ਰਾਜ਼ੀ,ਨਾਲੇ ਰਾਜ਼ੀ ਬੁੱਲ੍ਹਾ।**

ਸਾਂਈ ਦਰਵੇਸ਼ ਕਹਿੰਦਾ ਹੈ ਕਿ ਗੁਰੂ ਘਰ ਵਿਚ 'ਇੱਟ ਖੜੱਕੇ' ਭਾਵ ਉਸਾਰੀ ਚਲਦੀ ਹੈ, ਪਰ ਅੱਜ ਕੱਲ ਦੋ ਪ੍ਰਕਾਰ ਦੀਆਂ ਇੱਟਾਂ ਖੜਕੀਆਂ ਹਨ। ਇਕ ਉਸਾਰੀ ਦੀ ਦੂਜੀ ਲੜਾਈ ਦੀ। ਰਹੁ ਵਿਚਾਰ-ਬੁਲ੍ਹੇ ਸ਼ਾਹ ਦਾ ਭਾਵ ਕੇਵਲ ਉਸਾਰੀ ਦੀ ਇੱਟ ਤੋਂ ਹੈ। ਦੁੱਕੜ ਵੱਜੇ, ਜੋੜੀ ਵਾਜਾ, ਢੱਲ ਤੇ ਢੋਲਕ ਵੱਜ ਕੇ ਖੁਦਾ ਦੀ ਸਿਫਤ ਦਾ ਕੀਰਤਨ ਹੁੰਦਾ ਹੈ ਤੇ ਤੀਜੇ ਨੰਬਰ ਤੇ ਨਾਲੇ ਤਪੇ ਚੁੱਲ੍ਹਾ ਭਾਵ ਕਿ ਲੋਹ ਤੇ ਲੰਗਰ ਪਕਾ ਕੇ ਸੰਗਤ ਨੂੰ ਛਕਾਇਆ ਜਾ ਰਿਹਾ ਹੈ ਤੇ ਦੇਗ ਵਾਲੇ ਆਦਮੀ ਦੀ ਤੇਗ ਫਤਹਿ ਹੁੰਦੀ ਹੈ। ਭੁੱਖਾ ਆਦਮੀ ਤੇਗ ਨਹੀਂ ਚਲਾ ਸਕਦਾ। ਜਿਸ ਦੀ ਦੇਗ ਫਤਹਿ ਨਹੀਂ ਉਸ ਦੀ ਤੇਗ ਵੀ ਕਦੇ ਫਤਹਿ ਨਹੀਂ ਹੋ ਸਕਦੀ। ਇਸ ਲਈ ਗੁਰੂ ਘਰ ਦੀ ਮਾਨ ਮਰਿਯਾਦਾ ਹੈ ਕਿ ਆਏ ਪ੍ਰੇਮੀ ਨੂੰ ਪ੍ਰਸ਼ਾਦਾ ਜ਼ਰੂਰ ਛਕਾਇਆ ਜਾਏ। ਕਲਗੀਧਰ ਪਿਤਾ ਜੀ ਨੇ ਪਰਮਾਤਮਾ ਜੀ ਪਾਸੋਂ ਵਰ ਲਿਆ ਸੀ ਕਿ 'ਪੰਥ ਚਲੈ ਤਬ ਜਗਤ ਮੈਂ ਜਬ ਤੁਮ੍ ਕਰਹੁ ਸਹਾਇ' ਉਥੇ ਨਾਲ ਇਹ ਵੀ ਯਾਚਨਾ ਕੀਤੀ ਸੀ ਕਿ

ਦੇਗ ਤੇਗ ਜਗ ਮੈਂ ਦੋਊ ਚਲੈ ॥
ਰਾਖ ਆਪਿ ਮੁਹਿ ਅਵਰ ਨ ਦਲੈ ॥

ਸਤਿਗੁਰੂ ਜੀ ਦੇ ਸਮੇਂ ਇਹ ਪਰੰਪਰਾ ਸੀ ਕਿ ਲੰਗਰ ਵਰਤਾਉਣ ਤੋਂ ਪਹਿਲੇ ਨਗਾਰਾ ਖੜਕਦਾ ਸੀ। ਉਸੇ ਸਮੇਂ ਕਈ ਵਿਰੋਧੀ ਵੀ ਭੋਜਨ ਛਕ ਜਾਂਦੇ ਸਨ। ਪੰਗਤ ਵਿਚ ਬੈਠੇ ਵਿਅਕਤੀ ਨੂੰ ਕਦੇ ਵੀ ਉਠਾਇਆ ਨਹੀਂ ਜਾਂਦਾ ਸੀ। ਇਹ ਇੱਕ ਸਤਿਗੁਰੂ ਜੀ ਦੀ ਵਿਸ਼ੇਸ਼ ਮਹਾਨਤਾ ਹੈ।

"ਘਾਲਿ ਖਾਇ ਕਿਛੁ ਹਥਹੁ ਦੇਇ" ਦਾ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਸੀ ਕਿ ਗੁਰੂ ਕੇ ਲੰਗਰ ਵਿਚ ਕਦੇ ਵੀ ਤੋਟ ਨਾ ਆਵੇ। 'ਦੇਗ ਤੇਗ ਫਤਹਿ' ਦੇ ਸ਼ਬਦ ਪਿੱਛੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਕੀ ਫਤਹਿ ਉਪਰੰਤ ਆਪਣੀਆਂ ਸੀਲ ਮੁਹਰਾਂ ਤੇ ਸ਼ਬਦ ਉਕਰਵਾਏ ਸਨ ਕਿ–

ਦੇਗ ਤੇਗ ਫਤਹਿ ਨੁਸਕਤ ਬੇਦਰੰਗ ॥
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਇਸਦਾ ਅਰਥ ਹੈ ਕਿ ਗੁਰੂ ਨਾਨਕ ਜੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸਾਨੂੰ 'ਦੇਗ ਤੇਗ ਫਤਹਿ' ਦੀਆਂ ਬਰਕਤਾਂ ਪ੍ਰਾਪਤ ਹੋਈਆਂ।

ਦਸਮੇਸ਼ ਜੀ ਨੇ ਜਦ ਕਿਸੇ ਰਾਜੇ ਮਹਾਰਾਜੇ ਸੂਰਬੀਰ ਯੋਧੇ ਦੀ ਉਪਮਾ ਕਰਨੀ ਹੁੰਦੀ ਤਾਂ ਬਚਨ ਕਰਿਆ ਕਰਦੇ ਸਨ ਕਿ --

ਜਾਂ ਸਮ ਸੁੰਦਰ ਸੁਨਾ ਨਾ ਸੂਰਾ ॥
ਦੇਗ ਤੇਗ ਸਾਚੋ ਭਰਪੂਰਾ ॥

ਆਨੰਦਪੁਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਸੀ ਕਿ ਕੋਈ ਵੀ ਆਪਣਾ ਚੁੱਲ੍ਹਾ ਵੱਖਰਾ ਨਹੀਂ ਰੱਖ ਸਕਦਾ। ਸਭ ਸੰਗਤ ਵਿਚ ਬੈਠ ਕੇ ਭੋਜਨ ਛਕੋ, ਕਿਸੇ ਨੂੰ ਸੁਆਲੀ ਨਾ ਰਹਿਣ ਦਿਉ। ਗੁਰੂ ਕਾ ਸਾਂਝਾ ਲੰਗਰ ਚਲਾਉਣ ਦਾ ਮਤਲਬ ਏਹੀ ਹੈ ਕਿ ਹਿੰਦੂ ਮੁਸਲਮਾਨ ਅਤੇ ਸਿੱਖ

ਜੋ ਵੀ ਗੁਰੂ ਘਰ ਵਿਚ ਆਵੇ ਭੋਜਨ ਇਕ ਜਗ੍ਹਾ 'ਤੇ ਬੈਠ ਕੇ ਹੀ ਛਕਿਆ ਜਾਵੇ ਤਾਂ ਕਿ ਮਨੁੱਖ ਜਾਤੀ ਦੀ ਅਮਲੀ ਤੌਰ ਤੇ ਏਕਤਾ ਹੋ ਸਕੇ।

ਗੁਰੂ ਨਾਨਕ ਦੇਵ ਜੀ ਨੇ ਲੰਗਰ ਦੀ ਮਰਯਾਦਾ ਆਰੰਭੀ। ਦੂਜੀ ਪਾਤਸ਼ਾਹੀ ਨੇ ਇਸ ਨੂੰ ਬਰਕਰਾਰ ਰੱਖਿਆ। ਤੀਜੇ ਪਾਤਿਸ਼ਾਹ ਜੀ ਨੇ ਸੰਗਤ ਤੇ ਪੰਗਤ ਅਤੇ ਬਉਲੀ ਸਾਹਿਬ ਸਾਂਝਾ ਰਚ ਦਿੱਤਾ। ਚੌਥੇ ਸਤਿਗੁਰੂ ਜੀ ਸਾਂਝੇ ਸਰੋਵਰ ਦੀ ਬੁਨਿਆਦ ਰੱਖੀ। ਪੰਚਮ ਪਾਤਸ਼ਾਹ ਜੀ ਨੇ ਹਰਿਮੰਦਰ ਸਾਹਿਬ ਜੀ ਦੀ ਬੁਨਿਆਦ ਮੁਹੰਮਦ ਫਕੀਰ (ਮੀਰ ਮੁਈਅਨ ਉਲ-ਅਸਲਾਮ) ਜੀ ਪਾਸੋਂ ਰੱਖਵਾ ਕੇ ਸਰਬ ਸਾਂਝੀ ਗੁਰਬਾਣੀ ਦਾ ਪ੍ਰਕਾਸ਼ ਕਰਵਾ ਕੇ ਊਚ-ਨੀਚ ਦੇ ਵਿਤਕਰੇ ਦੀਆਂ ਧੱਜੀਆਂ ਉਡਾਈਆਂ। ਸੀਨੇ-ਬਸੀਨੇ ਇਹ ਮਰਯਾਦਾ ਕਾਇਮ ਰਹੀ। ਸਾਂਝੀਵਾਲਤਾ ਸਿੱਖ ਦੇ ਜੀਵਨ ਦਾ ਮੂਲ ਆਧਾਰ ਹੈ। ਪੰਜ ਪਿਆਰੇ, ਪੰਜ ਜੈਕਾਰੇ, ਪੰਜ ਤਖਤ, "ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ" ਦੀ ਗੱਲ ਹਰ ਆਦਮੀ ਦੇ ਸੁਭਾਅ ਵਿਚ ਰਚੀ ਗਈ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੇ ਇਲਾਹੀ ਕਥਨ ਅਤੇ ਭਰਾਤਰੀ ਭਾਵ ਵਾਲੀ ਵਿਚਾਰ ਨੂੰ ਹੋਰ ਪ੍ਰਪੱਕ ਕੀਤਾ। ਜੇ ਅੰਮ੍ਰਿਤ ਦੀ ਦਾਤ ਵੰਡੀ ਤਾਂ ਸਭ ਨੂੰ ਸਾਂਝੀ। ਸਿੱਖ ਕੌਮ ਨਾਲ ਸੰਬੰਧਿਤ ਪੰਜ ਤਖਤ ਜੋ ਸੁਭਾਇਮਾਨ ਹਨ ਤਾਂ ਸਾਰੇ ਭਾਰਤ ਵਿਚ ਸਾਂਝੇ, ਪਰੰਤੂ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਅਜੋਕੇ ਸਮੇਂ ਵਿਚ ਛੂਤਛਾਤ, ਸੁੱਚ-ਭਿੱਟ ਦੀ ਬੀਮਾਰੀ ਸਿੱਖ ਸਮਾਜ ਅੰਦਰ ਬਦਲਵੇਂ ਰੂਪ ਵਿਚ ਦੁਵਾਰਾ ਘੁਸਪੈਠ ਕਰਦੀ ਜਾ ਰਹੀ ਹੈ। ਕੁਝ ਕੁ ਅੰਮ੍ਰਿਤਧਾਰੀਆਂ ਨੇ ਆਪਣੇ ਆਪ ਨੂੰ ਬਿਬੇਕੀ ਕਹਾ ਕੇ ਖੁਲ੍ਹਾ ਛਕਣ ਵਾਲਿਆਂ ਨਾਲ ਕੁਝ ਪਾਬੰਦੀਆਂ ਆਇਦ ਕਰ ਲਈਆਂ ਹਨ। ਖਾਸ ਤੌਰ ਤੇ ਖਾਣ-ਪੀਣ ਦੇ ਸੰਬੰਧ ਵਿਚ ਸੁੱਚ-ਭਿੱਟ ਦਾ ਵਿਚਾਰ ਪ੍ਰਚੱਲਤ ਹੈ। ਇਸ ਵਿਚ ਇਹੀ ਭਾਵਨਾ ਹੈ ਕਿ ਬਿਬੇਕੀ ਸਿੰਘ ਆਮ ਸਿੰਘ ਨਾਲੋਂ ਉੱਤਮ ਹੈ।

ਗੁਰਪੁਰਬ ਜਾਂ ਹੋਰ ਸਮਾਗਮਾਂ ਸਮੇਂ, ਬਿਬੇਕੀਆਂ ਵਾਸਤੇ ਵੱਖਰੇ ਲੰਗਰ ਸੱਜਦੇ ਹਨ ਅਤੇ ਆਮ ਸਿੰਘ ਨੂੰ ਉਥੇ ਜਾਣ ਦੀ ਸਖ਼ਤ ਮਨਾਹੀ ਹੁੰਦੀ ਹੈ। ਇਸ ਨੂੰ ਅਸੀਂ ਕੇਵਲ ਬ੍ਰਾਹਮਣਾਂ ਦੀ ਨਕਲ ਹੀ ਕਹਿ ਸਕਦੇ ਹਾਂ। ਇਸ ਦਾ ਅਰਥ ਕਿਤੇ ਇਹ ਨਾ ਸਮਝ ਲੈਣਾ ਕਿ ਸਫਾਈ ਜਾਂ ਪਵਿਤਰਤਾ ਦੀ ਕੋਈ ਲੋੜ ਨਹੀਂ। ਸਫਾਈ ਰੱਖਣਾ ਬਹੁਤ ਹੀ ਉਤਮ ਹੈ,ਪਰ ਭਰਮਾਂ ਤੇ ਵਹਿਮਾਂ ਵਿਚ ਪੈ ਕੇ ਆਪਣੇ ਆਪ ਨੂੰ ਉਚੇ ਤੇ ਸੁੱਚੇ ਕਹਾਉਣਾ ਗੁਰਮਤਿ ਅਨੁਸਾਰ ਠੀਕ ਨਹੀਂ ਹੈ ਕਿਉਂਕਿ ਸਿੱਖ ਧਰਮ ਅੰਦਰ ਵੰਡ-ਵਿਤਕਰੇ ਦੇ ਬੀਜ ਬੀਜਣ ਨਾਲ ਸੰਗਤ-ਪੰਗਤ ਦੀ ਸਾਂਝ ਨੂੰ ਖਤਰਾ ਪੈਦਾ ਹੋ ਸਕਦਾ ਹੈ। ਇਸ ਲਈ ਵਾਹਿਗੁਰੂ ਜੀ ਸਾਨੂੰ ਸੁਮੱਤ ਬਖਸ਼ਣ ਤਾਂ ਕਿ ਅਸੀਂ ਸਾਂਝੀ ਪੰਗਤ ਵਿਚ ਬੈਠ ਕੇ ਗੁਰੂ ਕੇ ਲੰਗਰ ਦੀ ਮਹਾਨਤਾ ਨੂੰ ਸਮਝ ਸਕੀਏ।

ਵਾਹਿਗੁਰੂ ਜੀ ਕਾ ਖਾਲਸਾ ॥

ਵਾਹਿਗੁਰੂ ਜੀ ਕੀ ਫ਼ਤਹਿ ॥

****

# ਸਾਧੂ - ਸੰਤ - ਮਹਾਂਪੁਰਸ਼

- ਉਤਮਜੀਤ ਕੌਰ ਸਿਆਲੀ

ਗੁਰਮਤਿ ਵਿੱਚ ਸਾਧ ਕਿਸੀ ਭੇਖ ਦਾ ਨਾਮ ਨਹੀਂ ਮੰਨਿਆ ਗਿਆ। ਕਿਸੇ ਪ੍ਰਕਾਰ ਦੇ ਬਾਣੇ ਵਿੱਚ ਜਾਂ ਖਾਸ ਪ੍ਰਕਾਰ ਦੇ ਰੰਗੇ ਹੋਏ ਕੱਪੜਿਆਂ ਦਾ ਧਾਰਣੀ ਹੋਣਾ, ਸਾਧੂ ਦੀ ਪ੍ਰੀਭਾਖਾ ਨਹੀਂ ਦੱਸੀ ਗਈ, ਕਿਉਂ ਜੋ ਇਹ ਸਰੀਰਕ ਲੋੜ ਹੈ। ਗੁਰਮਤਿ ਅਨੁਸਾਰ ਵਸਤੂ ਅੰਦਰ ਦੀ ਤਸਵੀਰ ਉਜਾਗਰ ਕਰਦੀ ਵੇਖਦੀ ਤੇ ਦੱਸਦੀ ਹੈ। ਸਾਧੂ ਦਾ ਭਾਵ ਹੈ, ਜਿਸ ਨੇ ਮਨ ਨੂੰ ਸਾਧਿਆ ਜਾਂ ਸੋਧਿਆ ਹੋਵੇ। ਭਾਵੇਂ ਵਸਤ੍ਰ ਕਿਸੀ ਪ੍ਰਕਾਰ ਦਾ ਪਾਵੇ। ਮਨ ਗੁਰੂ ਉਪਦੇਸ਼ ਨਾਲ ਸੋਧ ਕੇ ਮਲ ਦੀ ਦ੍ਰਿੜਤਾ ਵਿੱਚ ਹੋਵੇ। 'ਮਨ ਜੀਤੇ ਜਗਿਜੀਤੁ' ਦਾ ਧਾਰਣੀ ਹੋਵੇ, ਉਹ ਸਾਧੂ ਹੈ। ਸਾਧੂ, ਸਾਧ ਜਾਂ ਸੰਤ - ਮਹਾਂਪੁਰਖ ਇੱਕ ਹੀ ਸ਼ਬਦ ਦੇ ਪ੍ਰਵਚਨ ਹਨ। ਸੰਤ ਦੇ ਲੱਛਣ ਵੀ ਗੁਰਬਾਣੀ ਵਿੱਚ ਪ੍ਰਗਟ ਹਨ:-

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥

ਸਾਧ ਦੀ ਮਹਿਮਾ ਵਿੱਚ ਵੀ ਗੁਰਬਾਣੀ ਅੰਦਰ ਬੇਅੰਤ ਪੰਕਤੀਆਂ ਹਨ। ਸਾਧ, ਮਹਾਂ ਪੁਰਖ, ਹਰਿ ਜਨ, ਸੰਤ ਇਹ ਸਾਰੇ ਸ਼ਬਦ, ਵਿਸ਼ੇਸ਼ਣ ਰੂਪ ਵਿੱਚ ਗੁਰੂ ਮਹਾਰਾਜ ਜੀ ਜਾਂ ਫਿਰ ਬਹੁਤ ਯੋਗ ਤੇ ਢੁਕਵੇਂ ਉਨ੍ਹਾਂ ਤੋਂ ਬਖਸ਼ੇ ਪਦਾਂ ਉਪਰ ਪਹੁੰਚੇ ਭਗਤ-ਜਨਾਂ ਲਈ ਰਾਖਵੇਂ ਰਹਿਣੇ ਲੋੜੀਂਦੇ ਹਨ।

ਕਿਸੀ ਹੋਰ ਵਿਅਕਤੀ ਲਈ ਸਤਿਕਾਰ ਹੋਰ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ। ਇਨ੍ਹਾਂ ਦੀ ਵਰਤੋਂ ਲਈ ਹਰੇਕ ਨੂੰ ਸਾਵਧਾਨਤਾ ਲੋੜੀਂਦੀ ਹੈ। ਕਹਿਣ ਵਾਲੇ ਨੂੰ ਵੀ ਤੇ ਅਗੋਂ ਕਹਾਉਣ ਜਾਂ ਸੁਨਣ ਵਾਲੇ ਨੂੰ ਵੀ ਆਪਣੇ ਅੰਤਰ ਦੀ ਗਤਿ ਨੂੰ ਆਪ ਜੀ ਜਾਣਿਆ ਜਾਂਦਾ ਤੇ ਜਾਨਣਾ ਹੈ।

ਸੋ ਇਨ੍ਹਾਂ ਖਾਸ ਸ਼ਬਦਾਂ ਦੀ ਯੋਗ ਵਰਤੋਂ, ਯੋਗਤਾ ਅਨੁਸਾਰ ਉਚਿਤ ਹੈ। ਗੁਰਬਾਣੀ ਦੀਆਂ ਪੰਕਤੀਆਂ ਪੂਰੇ ਤੋਲ ਵਿੱਚ ਗਿਆਨ ਦ੍ਰਿੜ੍ਹ ਕਰਾਉਂਦੀਆਂ ਨੇ -

ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥
ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥
ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥
ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥
ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮੁ ਨਰਹਰੀਐ ॥

ਜਿਨ੍ਹਾਂ ਨੂੰ ਸਾਸ ਦੇ ਅੰਦਰ ਬਾਹਿਰ ਜਾਂਦਿਆ ਆਵਦਿਆਂ ਵੀ ਹਰੀ ਦਾ ਨਾਮ ਨਾਮ-ਮੰਤਰ ਨਹੀਂ ਵਿਸਰਦਾ, ਉਹ ਧੰਨ ਹਨ। ਉਹੀ ਸੰਤ ਹਨ, ਸੱਚੇ ਤੇ ਸੁੱਚੇ ਪੁਰਸ਼ ਹਨ। ਸਾਧ ਦੀ ਨਿਸ਼ਾਨੀ ਦੱਸੀ ਹੈ। ਸਾਧੂ ਦੇ ਦਰਸ਼ਨ ਕਰਨ ਨਾਲ ਮਨ ਨੂੰ ਠੰਢ ਪਵੇ। ਜਨਮ-ਮਰਨ ਦਾ ਡਰ ਮੁੱਕ ਜਾਵੇ। ਸੰਸਾਰ ਦੀ ਵਿਸ਼ੇ ਵਿਕਾਰਾਂ ਦੀ ਮੈਲ ਉਤਰ ਸਕੇ। ਸਗੋਂ ਹਰੀ ਦੇ ਨਾਮ ਦੀ ਮਾਲਾ ਦੀ ਪ੍ਰਾਪਤੀ ਹੋਵੇ, ਜਿਸ ਸਦਕਾ ਅੰਤ ਨੂੰ ਆਪਣੇ ਪ੍ਰੀਤਮ ਜੀਵਨ ਆਧਾਰ ਕਰਤਾ ਪੁਰਖ ਦੀ ਪ੍ਰਾਪਤੀ ਕਰਦਾ ਉਸ ਵਿੱਚ ਸਮਾਈ ਕਰ ਸਕੇ। ਇਹ ਸਮੱਰਥਾ ਨਾਮੀ ਦੇ ਨਾਮ ਵਿੱਚ ਅਭੇਦ ਹੋਇਆ ਨੂੰ ਹੀ ਪ੍ਰਾਪਤ ਹੁੰਦੀ ਹੈ। ਇਹ ਨਿਸ਼ਾਨ ਵੀ ਧੁਰ ਦਰਗਾਹੋਂ ਪ੍ਰਾਪਤ ਹੋ ਆਂਵਦਾ ਹੈ।

ਗੁਰਬਾਣੀ ਵਿੱਚ ਸਾਧੂ ਦੀ ਮਹਿਮਾ ਨੂੰ 'ਅਚਰਜ-ਕਥਾ' ਲਿਖਿਆ ਹੈ। ਸੁਖਮਨੀ ਸਾਹਿਬ ਸਾਹਿਬ ਵਿੱਚ ਇਕ ਪੂਰੀ ਅਸ਼ਟਪਦੀ ਰਾਹੀਂ ਸਾਧ ਜਾਂ ਸਾਧੂ ਦੀ ਸਿਫਤ ਵਡਿਆਈ ਪ੍ਰਗਟ ਕੀਤੀ ਗਈ ਹੈ।

ਸਾਧੂ ਕੈ ਸੰਗਿ ਸੋ ਧਨੁ ਪਾਵੈ ॥
ਜਿਸੁ ਧਨ ਤੇ ਸਭੁ ਕੋ ਵਰਸਾਵੈ ॥

ਸਾਧੂ ਕੈ ਸੰਗਿ ਪਾਪ ਪਲਾਇਨ ॥
ਸਾਧਸੰਗਿ ਅੰਮ੍ਰਿਤ ਗੁਨ ਗਾਇਨ ॥

ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥
ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥

ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥

ਵਿਚਾਰੀਏ ਤਾਂ ਸੋਝੀ ਹੋਂਦੀ ਹੈ ਜੋ ਗੁਰੂ ਮਹਾਰਾਜ ਸਾਧ ਜਾਂ ਸਾਧੂ ਵਿੱਚ ਤੇ ਪ੍ਰਭੂ ਵਿੱਚ ਕੋਈ ਭੇਦ-ਭਾਵ ਅੰਤਰ ਨਹੀਂ ਰੱਖ ਰਹੇ। ਫਿਰ ਅਸੀਂ ਇਨ੍ਹਾਂ ਸ਼ਬਦਾਂ ਨੂੰ ਉਚਾਰਨ ਲੱਗਿਆਂ ਬੜੇ ਸਤਿਕਾਰ ਨਾਲ ਉਨ੍ਹਾਂ ਯੋਗ ਜਗ੍ਹਾ ਤੇ ਹੀ ਉਚਾਰੀਏ, ਭਾਵ ਵਿੱਚ ਤਾਂ ਜੋ ਰੱਤੀ ਭਰ ਫਰਕ ਨਾ ਆ ਸਕੇ। ਉਨ੍ਹਾਂ ਪਦਾਂ ਦੀ ਉਚਤਾ ਤੇ ਭਾਵ ਅਰਥ ਆਪ ਹੀ ਆਪ ਪ੍ਰਦਾਨ ਹੁੰਦੇ ਰਹਿਣ।

ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ ਰਹਾਉ ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

ਸੰਤ, ਸਾਧ, ਸਾਧੂ, ਹਰਿ ਜਨ, ਸਤ ਪੁਰਖ, ਗੁਰੂ, ਸਤਿਗੁਰੂ, ਸਾਰੇ ਸ਼ਬਦ ਗੁਰਬਾਣੀ ਵਿੱਚ ਇਕੋ ਭਾਵ ਪ੍ਰਤੀ ਉਚਾਰਨ ਹੁੰਦੇ ਲੱਭਦੇ ਹਨ।

ਗੁਰਬਾਦੀ ਵਿੱਚ ਇੱਕ-ਵਚਨ ਰੂਪ ਵਿੱਚ 'ਸੰਤ' ਪਦ ਕੇਵਲ ਗੁਰੂ ਲਈ ਆਇਆ ਹੈ ਅਤੇ ਜਿਥੇਂ ਕਿਤੇ ਬਹੁ-ਵਚਨ ਰੂਪ ਵਿੱਚ ਸੰਤ ਪਦ ਦੀ ਵਰਤੋਂ ਕੀਤੀ ਗਈ ਹੈ, ਉਥੇ ਗੁਰੂ ਸਨਮੁਖੀ ਨਾਮ-ਰੰਗ-ਰਸ-ਰੱਤੇ ਗੁਰਸਿੱਖਾਂ ਦੇ ਸਮੂੰਹ ਵਲ ਇਸ਼ਾਰਾ ਹੈ। ਕਈ ਜਗ੍ਹਾ ਬਹੁ-ਵਚਨ ਸਤਿਕਾਰ ਵੱਜੋ ਸਤਿਗੁਰੂ ਮਹਾਰਾਜ ਸਾਹਿਬਾਂ ਪ੍ਰਤੀ ਵੀ ਹੈ। ਦਸ ਪਾਤਸ਼ਾਹੀਆਂ ਦੇ ਪਵਿੱਤਰ ਸਮੇਂ ਵਿੱਚ ਹੋਏ ਕਿਸੇ ਸਿੰਘ ਨੂੰ 'ਸੰਤ' ਜਾਂ ਐਸੇ ਹੋਰ ਕਿਸੇ ਪਦ ਨਾਲ ਸੰਬੋਧਨ ਨਹੀਂ ਕੀਤਾ ਗਿਆ। ਸਗੋਂ ਨਾਮ ਰਸ ਤੇ ਕਮਾਈ ਵਿੱਚ ਪਹੁੰਚੇ ਹੋਏ ਪੂਜਨੀਕ ਸਾਹਿਬਾਨਾਂ ਨੂੰ 'ਭਾਈ' ਦੀ ਪਦਵੀ ਨਾਲ ਸਨਮਾਨਿਆਂ ਤੇ ਪਿਆਰਿਆ ਗਿਆ ਹੈ - ਜਿਸ ਤਰ੍ਹਾਂ ਕਿ - ਭਾਈ ਬੁੱਢਾ ਜੀ, ਪਦਵੀ ਨਾਲ ਸਨਮਾਨਿਆਂ ਤੇ ਪਿਆਰਿਆ ਗਿਆ ਹੈ - ਜਿਸ ਤਰ੍ਹਾਂ ਕਿ - ਭਾਈ ਬੁੱਢਾ ਜੀ, ਭਾਈ ਭਿਖਾਰੀ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਭਾਈ ਮਨੀ ਸਿੰਘ ਜੀ, ਭਾਈ ਘਨੱਈਆ ਜੀ ਆਦਿ ਅਨਗਿਣਤ ਨਾਮ ਹਨ।

ਸੋ ਕਿਸੀ ਸਿੰਘ ਨੂੰ ਜਾਂ ਬਾਣਾ ਪਹਿਨੇ ਨੂੰ ਸੰਤ ਜਾਂ ਸਾਧ ਆਦਿ ਆਖਣਾ ਮਨਮਤ ਹੈ। ਬਾਣੀ ਦੇ ਪਿਆਰ ਵਾਲਿਆਂ ਨੂੰ ਭਾਈ ਸਾਹਿਬ ਜੀ, ਗੁਰਸਿੱਖ ਜੀ, ਗੁਰੂ ਕੇ ਪਿਆਰੇ ਜੀ ਕਰਕੇ ਸਤਿਕਾਰ ਨਾਲ ਬੁਲਾ ਸਕੀਦਾ ਹੈ।

******


ਰੋਗੀ ਕਾ ਪ੍ਰਭ ਖੰਡਹੁ ਰੋਗ ॥

**ਅੱਖਾਂ ਦਾ ਵਿਸ਼ਾਲ ਮੁਫ਼ਤ ਚੈਕਅੱਪ ਤੇ ਉਪਰੇਸ਼ਨ ਕੈਂਪ**

ਮਿਤੀ **2** ਮਾਰਚ **2002** ਦਿਨ ਸ਼ਨੀਵਾਰ ਨੂੰ
ਟਿਕਾਣਾ ਭਾਈ ਜਗਤਾ ਜੀ ਸਾਹਿਬ
ਗੋਨਿਆਣਾ ਮੰਡੀ ਵਿਖੇ ਲਗਾਇਆ ਜਾ ਰਿਹਾ ਹੈ। ਜਿਸ ਵਿੱਚ
ਅੱਖ ਵਿਭਾਗ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ
ਫ਼ਰੀਦਕੋਟ ਦੀ ਟੀਮ ਅੱਖਾਂ ਦੀ ਜਾਂਚ ਤੇ ਉਪਰੇਸ਼ਨ ਕਰੇਗੀ।
ਲੋੜਵੰਦ ਲਾਭ ਉਠਾਉਣ।

ਵੱਲੋਂ: ਭਾਈ ਘਨੱਈਆ ਚੈਰੀਟੇਬਲ ਹਸਪਤਾਲ
ਸੇਵਾ ਸੰਭਾਲ : ਰੋਟਰੀ ਕੱਲਬ, ਨੇਹੀਆਂ ਵਾਲਾ।
ਸੰਪਰਕ ਫੋਨ : **262378, 254833, 263058, 262079, 262106**

# ਮਹਾਂਪੁਰਖਾਂ ਦੀਆਂ ਬਰਸੀਆਂ ਦਾ ਸਲ਼ਾਨਾ-ਸਮਾਗਮ ਸਫ਼ਲਤਾ ਪੂਰਵਕ ਸੰਪੰਨ

ਸੇਵਾ ਤੇ ਸਿਮਰਨ ਦੇ ਪੁੰਜ ਮਹਾਨ ਤਪੱਸਵੀ ਪਰਉਪਕਾਰੀ ਬ੍ਰਹਮ ਗਿਆਨੀ ਭਾਈ ਜਗਤਾ ਜੀ ਦਾ 190 ਸਾਲਾ ਯੱਗ ਸਮਾਗਮ ਅਤੇ ਟਿਕਾਣਾ ਦੇ ਨਿਰਮਾਤਾ ਸ੍ਰੀਮਾਨ ਮਹੰਤ ਭਾਈ ਆਸਾ ਸਿੰਘ ਜੀ ਦੀ 28ਵੀਂ ਬਰਸੀ ਦੋਂਵੇ ਸਮਾਗਮ ਇੱਕਠੇ ਹੀ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਮਿਤੀ 13,14, ਤੇ 15 ਜਨਵਰੀ 2002 ਨੂੰ ਬੜੇ ਪ੍ਰੇਮ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਗਏ।

12 ਜਨਵਰੀ ਨੂੰ ਰੱਖੇ ਗਏ 25 ਸ੍ਰੀ ਅਖੰਡ-ਪਾਠਾਂ ਦੀ ਸਮਾਪਤੀ 14 ਜਨਵਰੀ ਨੂੰ ਟਿਕਾਣਾ ਸਾਹਿਬ ਦੇ ਦਰਬਾਰ ਹਾਲ ਵਿੱਚ ਸਵੇਰੇ 9 ਵਜੇ ਹੋਈ ਇਹ ਸਮਾਗਮ ਹਰ ਸਾਲ ਵਾਂਗ ਇਸ ਸਾਲ ਵੀ ਸਫ਼ਲਤਾ ਪੂਰਵਕ ਸੰਪੰਨ ਹੋਇਆ। ਇਸ ਸਮਾਗਮ ਵਿੱਚ ਸਿਰਫ਼ ਪੰਜਾਬ ਤੋਂ ਹੀ ਨਹੀਂ ਸਗੋਂ ਸਾਰੇ ਭਾਰਤ ਦੇ ਕੋਨੇ-ਕੋਨੇ ਵਿੱਚੋਂ ਤੇ ਦੇਸ਼ਾਂ-ਵਿਦੇਸ਼ਾਂ ਵਿੱਚੋ ਵੀ ਬਾਬਾ ਜਗਤਾ ਜੀ ਦੇ ਸ਼ਰਧਾਲੂ ਹਜ਼ਾਰਾਂ ਦੀ ਗਿਣਤੀ ਵਿੱਚ ਪੁੱਜੇ। ਟਿਕਾਣਾ ਭਾਈ ਜਗਤਾ ਸਾਹਿਬ ਦੇ ਸੁੰਦਰ ਮਹੰਤ ਗੁਲਾਬ ਸਿੰਘ ਦੀਵਾਨ ਹਾਲ ਵਿੱਚ 12,13,14 ਅਤੇ 15 ਜਨਵਰੀ ਤੱਕ ਚਾਰ ਦਿਨ ਲਗਾਤਾਰ ਨਿਰੋਲ ਬਾਣੀ ਦੇ ਕੀਰਤਨ, ਗੁਰਮਤਿ ਦੀਆਂ ਵਿਚਾਰਾਂ ਤੇ ਗੁਰਬਾਣੀ ਦੀ ਮਨੋਹਰ ਕਥਾ ਦੀ ਰਿਮ-ਝਿਮ ਵਰਖਾ ਹੁੰਦੀ ਰਹੀ। ਜਿਸ ਵਿੱਚ ਸਿੱਖ ਧਰਮ ਦੇ ਮਹਾਨ ਪ੍ਰਚਾਰਕਾਂ ਤੇ ਕੀਰਤਨੀ ਜੱਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ।

**ਕੀਰਤਨੀ ਜੱਥੇ ਤੇ ਕਥਾਵਾਚਕ** : ਕੀਰਤਨੀ ਜੱਥਿਆਂ ਵਿੱਚ ਟਿਕਾਣਾ ਸਾਹਿਬ ਦੇ ਹਜ਼ੂਰੀ ਰਾਗੀ ਸੰਤ ਭਾਈ ਹਰਪਾਲ ਸਿੰਘ ਜੀ ਸੇਵਾ ਪੰਥੀ, ਭਾਈ ਅਜੀਤ ਸਿੰਘ, ਸੁਖਮਨੀ ਸੇਵਾ ਸੁਆਇਟੀ ਗੋਨਿਆਣਾ, ਨਿਤਨੇਮ ਦੇ ਪਾਠ ਕਰਦੇ ਸਨ। ਸੰਤ ਬਾਬਾ ਰਾਮ ਸਿੰਘ ਜੀ ਨਾਨਕਸਰ ਸੀਂਗੜਾ ਵਾਲਿਆਂ ਨੇ ਅੰਮ੍ਰਿਤ ਵੇਲੇ ਨਾਮ ਸਿਮਰਨ ਅਭਿਆਸ ਕਰਵਾਇਆ। ਹੋਰ ਪ੍ਰਸਿੱਧ ਰਾਗੀ ਜੱਥਿਆਂ ਤੇ ਕਥਾਵਾਚਕਾਂ ਵਿੱਚ ਭਾਈ ਸੁਖਦੇਵ ਸਿੰਘ ਪ੍ਰਕਾਸ਼, ਸਵਾਮੀ ਹਰੀਸ਼ ਦਾਸ ਜੀ ਸ਼ਾਸ਼ਤਰੀ ਕੈਥਲ, ਭਾਈ ਨਿਰਮਲ ਸਿੰਘ,ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਅੰਮ੍ਰਿਤਸਰ, ਮਹੰਤ ਮਹਿੰਦਰ ਸਿੰਘ ਦਿੱਲੀ, ਭਾਈ ਸੁਰਿੰਦਰ ਸਿੰਘ ਮਿੱਠਾ ਟਿਵਾਣਾ, ਕਾਕਾ ਤੇਜਿੰਦਰ ਬਠਿੰਡਾ, ਕਰਨੈਲ ਸਿੰਘ ਬਠਿੰਡਾ, ਭਾਈ ਸੁਖਦੇਵ ਸਿੰਘ ਬਠਿੰਡਾ, ਭਾਈ ਹਰਨਾਮ ਸਿੰਘ, ਪ੍ਰਤਾਪ ਸਿੰਘ ਕਾਲਾਂਵਾਲੀ, ਬੀਬੀ ਪਰਮਜੀਤ ਕੌਰ ਖਾਲਸਾ, ਭਾਈ ਹਰਜਿੰਦਰ ਸਿੰਘ ਜੀ ਖਰੜ ਵਾਲੇ, ਭਾਈ ਧਰਮ ਸਿੰਘ ਜੀ ਮਲੋਟ ਨੇ ਅੰਮ੍ਰਿਤ ਕੀਰਤਨ ਤੇ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

**ਕੰਠ-ਸ਼ੁੱਧ ਗੁਰਬਾਣੀ ਉਚਾਰਣ ਮੁਕਾਬਲੇ** : 13 ਜਨਵਰੀ ਨੂੰ ਸਵੇਰੇ 10 ਵਜੇ ਰਾਸ਼ਟਰ ਪੱਧਰੀ ਸਕੂਲ-ਕਾਲਜ ਕੰਠ-ਸ਼ੁੱਧ ਗੁਰਬਾਣੀ ਉਚਾਰਨ ਮੁਕਾਬਲੇ ਕਰਵਾਏ ਗਏ ਇਹ ਮੁਕਾਬਲੇ ਸੀਨੀਅਰ ਤੇ ਜੂਨੀਅਰ ਗਰੁੱਪਾਂ ਵਿੱਚ ਕਰਵਾਏ ਗਏ। ਇਸ ਪ੍ਰਤੀਯੋਗਤਾ ਦੇ ਮੁੱਖ ਇੰਚਾਰਜ ਸੰਤ ਭਾਈ ਕਾਹਨ ਸਿੰਘ ਜੀ ਸਨ। ਜੱਜਾਂ ਦੀ ਸੇਵਾ ਭਾਈ ਮੇਜਰ ਸਿੰਘ ਅਤੇ ਪ੍ਰੋਫੈਸਰ ਸੁਰਿੰਦਰ ਕੌਰ ਨੇ ਬੜੀ ਸੁਚੱਜਤਾ ਨਾਲ ਨਿਭਾਈ ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲਿਆਂ ਨੂੰ ਸੰਤ ਭਾਈ ਕਾਹਨ ਸਿੰਘ ਜੀ ਅਤੇ ਸੰਤ ਭੁਪਿੰਦਰ ਸਿੰਘ ਜੀ ਨੇ ਇਨਾਮਾਂ ਦੀ ਵੰਡ ਕੀਤੀ। ਜੱਜ ਸਾਹਿਬਾਨ ਨੂੰ ਸੰਤ ਭਾਈ ਕਾਹਨ ਜੀ ਨੇ ਸਿਰੋਪਾਉ ਦੀ ਬਖਸ਼ਿਸ਼ ਕਰਕੇ ਸਨਮਾਨਿਤ ਕੀਤਾ।

**ਸੰਤ-ਸੰਮੇਲਨ** : 15 ਜਨਵਰੀ ਯੱਗ ਦਿਹਾੜੇ ਸੰਤ ਸੰਮੇਲਨ ਹੋਇਆ ਇਸ ਸ਼ੁਭ ਅਵਸਰ ਤੇ ਸ੍ਰੀਮਾਨ ਸੰਤ ਬਾਬਾ ਸਰਬਜੋਤ ਸਿੰਘ ਜੀ ਬੇਦੀ, ਸ੍ਰੀਮਾਨ ਸੰਤ ਰਾਮ ਸਿੰਘ ਜੀ ਸੀਂਗੜਾ, ਸ੍ਰੀਮਾਨ ਮਹੰਤ ਹਰੀਸ਼ ਸ਼ਾਸਤਰੀ ਜੀ ਕੈਂਥਲ, ਮਹੰਤ ਪ੍ਰੀਤਮ ਸਿੰਘ ਜੀ ਪਟਿਆਲਾ, ਮਹੰਤ ਚਮਕੌਰ ਸਿੰਘ ਜੀ ਅੰਮ੍ਰਿਤਸਰ, ਮਹੰਤ ਹਰਨਾਮ ਸਿੰਘ ਜੀ ਕਲਾਨੌਰ, ਮਹੰਤ ਹਰਪਾਲ ਦਾਸ ਜੀ ਕਲਾਨੌਰ, ਸੰਤ ਹਰਨਾਮ ਸਿੰਘ ਅਕਾਲਗੜ੍ਹ ਆਦਿ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਦਰਸ਼ਨ ਦਿੱਤੇ

ਤੇ ਬ੍ਰਹਮ ਗਿਆਨੀ ਭਾਈ ਜਗਤਾ ਜੀ ਦੇ ਜੀਵਨ ਬਾਰੇ ਵਿਸਥਾਰ ਸਹਿਤ ਵਿਚਾਰ ਸੰਗਤਾਂ ਨੂੰ ਸਰਵਨ ਕਰਵਾਏ।

**ਸਟੇਜ ਸਕੱਤਰ ਦੀ ਸੇਵਾ :** ਇਸ ਸਮੁੱਚੇ ਸਮਾਗਮ ਦੀ ਸਟੇਜ ਸੰਚਾਲਨ ਦੀ ਸੇਵਾ ਸੰਤ ਭਾਈ ਕਾਹਨ ਸਿੰਘ ਜੀ, ਜੋਗਿੰਦਰ ਸਿੰਘ ਸਾਗਰ, ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' ਨੇ ਬੜੇ ਸੁਚੱਜੇ ਤੇ ਸਫਲਤਾਪੂਰਵਕ ਢੰਗ ਨਾਲ ਨਿਭਾਈ।

**ਅੰਮ੍ਰਿਤ-ਪ੍ਰਚਾਰ :** 15 ਜਨਵਰੀ 2002 ਨੂੰ ਸ੍ਰੀਮਾਨ ਸੰਤ ਪ੍ਰੀਤਮ ਸਿੰਘ ਜੀ ਦੀ ਅਗਵਾਈ ਹੇਠ ਪੰਜ ਪਿਆਰਿਆਂ ਦੇ ਜੱਥੇ ਵੱਲੋਂ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ ਨਵੀਂ ਬਸਤੀ ਵਿਖੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ, ਜਿਸ ਵਿੱਚ ਲੱਗਭਗ 16 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ ਤੇ ਗੁਰੂ ਵਾਲੇ ਬਣੇ।

**ਸਮਾਜ-ਸੇਵੀ ਸੰਸਥਾਵਾਂ ਵੱਲੋਂ ਕਮਾਈ ਸੇਵਾ :** ਭਾਈ ਘਨੱਈਆ ਸੇਵਾ ਸੁਸਾਇਟੀ ਯੂਨਿਟ ਕੋਟਕਪੂਰਾ, ਜੈਤੋ, ਗੋਨਿਆਣਾ ਮੰਡੀ, ਪਾਣੀਪਤ, ਬੁਢਲਾਡਾ ਵੱਲੋਂ ਕੀਤੀ ਸੇਵਾ ਸ਼ਲਾਘਾਯੋਗ ਸੀ। ਗੋਨਿਆਣਾ ਵੈਲਫੇਅਰ ਕਲੱਬ ਤੇ ਮਹਾਂਵੀਰ ਸੇਵਾ ਦਲ ਦੇ ਸਾਰੇ ਮੈਂਬਰਾਂ ਨੇ ਪ੍ਰੇਮ, ਸ਼ਰਧਾ ਸਾਹਿਤ ਲੰਗਰ ਛਕਾਉਣ ਦੀ ਸੇਵਾ ਨਿਭਾਈ। ਸਰਬ ਕਲਿਆਣ ਬ੍ਰਾਹਮਣ ਸਭਾ ਨੇ ਪਿਆਰ ਸਹਿਤ ਜਲ ਛਕਾਉਣ ਦੀ ਸੇਵਾ ਨਿਭਾਈ। ਗੁਰੂ ਨਾਨਕ ਜੂਨੀਅਰ ਸੇਵਾ ਦਲ, ਭਾਈ ਘਨੱਈਆ ਸੇਵਾ ਦਲ ਗੋਨਿਆਣਾ ਮੰਡੀ ਤੇ ਭਾਈ ਘਨੱਈਆ ਸੇਵਾ ਸੁਸਾਇਟੀ ਯੂਨਿਟ ਮਲੋਟ ਨੇ ਬੜੇ ਪਿਆਰ ਸਹਿਤ ਜੋੜਿਆਂ ਦੀ ਸੇਵਾ ਕੀਤੀ। ਸ੍ਰੀ ਗੁਰੂ ਅਮਰਦਾਸ ਇਸਤਰੀ ਸਤਿਸੰਗ ਸਭਾ, ਭਾਈ ਆਸਾ ਸਿੰਘ ਗਰਲਜ਼ ਕਾਲਜ ਤੇ ਭਾਈ ਜਗਤਾ ਜੀ ਹਾਈ ਸਕੂਲ ਦੇ ਸਮੂਹ ਸਟਾਫ਼ ਤੇ ਵਿਦਿਆਰਥਣਾਂ ਨੇ ਪ੍ਰਸ਼ਾਦੇ ਪਕਾਉਣ ਤੇ ਸਬਜ਼ੀਆਂ ਕੱਟਣ ਦੀ ਸੇਵਾ ਪਿਆਰ ਤੇ ਸ਼ਰਧਾ ਸਹਿਤ ਨਿਭਾਈ। ਇਨ੍ਹਾਂ ਤੋਂ ਇਲਾਵਾ ਰੋਟਰੀ ਕਲੱਬ, ਨਗਰ ਪਾਲਿਕਾ, ਲਾਈਨਜ਼ ਕਲੱਬ, ਲਿਊ ਕਲੱਬ ਨੇ ਵੀ ਪਿਆਰ ਸ਼ਰਧਾ ਸਹਿਤ ਸੇਵਾ ਕੀਤੀ। ਰਿਹਾਇਸ਼, ਬਿਜਲੀ, ਲੰਗਰ ਤੇ ਪਾਣੀ ਦਾ ਪ੍ਰਬੰਧ ਬੜਾ ਹੀ ਸ਼ਲਾਘਾਯੋਗ ਸੀ ਜਿਸ ਨੂੰ ਵੱਖ-ਵੱਖ ਕਮੇਟੀਆਂ ਨੇ ਬਹੁਤ ਹੀ ਲਗਨ ਤੇ ਪਿਆਰ ਨਾਲ ਨੇਪਰੇ ਚਾੜ੍ਹਿਆ।

**ਵਿਸ਼ੇਸ਼ ਮੈਡੀਕਲ ਕੈਂਪ :** ਯੱਗ-ਸਮਾਗਮ ਦੇ ਸ਼ੁਭ ਮੌਕੇ ਤੇ ਭਾਈ ਘੱਨਈਆ ਚੈਰੀਟੇਬਲ ਹਸਪਤਾਲ ਵਿਖੇ ਮੈਡੀਕਲ ਕੈਂਪਾਂ ਦਾ ਉਦਘਾਟਨ ਸ੍ਰੀ ਮਾਨ ਮਹੰਤ ਤੀਰਥ ਸਿੰਘ ਜੀ ਸੇਵਾ ਪੰਥੀ ਵੱਲੋਂ ਸੰਤ ਕਾਹਨ ਸਿੰਘ, ਸੰਤ ਭੁਪਿੰਦਰ ਸਿੰਘ ਨੇ ਕੀਤਾ। ਡਾ: ਪ੍ਰਿਥੀ ਪਾਲ ਸਿੰਘ ਨੇ ਆਪਣੇ ਸਹਿਯੋਗੀਆਂ ਨਾਲ ਬੜੀ ਲਗਨ ਨਾਲ ਮਰੀਜ਼ਾਂ ਦੀ ਦੇਖ-ਭਾਲ ਕੀਤੀ। ਇਸੇ ਦੌਰਾਨ ਦੋ ਦਿਨਾਂ ਹੋਮਿਉਪੈਥਿਕ ਮੈਡਿਕਲ ਕੈਂਪ (ਹੋਮਿਓ: ਮੈਡੀ : ਕਾਲਜ ਅਬੋਹਰ ਦੀ ਟੀਮ ਨੇ) ਲਗਾਇਆ ਹੈ ਜਿਸ ਵਿੱਚ ਬਹੁਤ ਸਾਰੇ ਮਰੀਜਾਂ ਨੇ ਇਸ ਕੈਂਪ ਦਾ ਲਾਭ ਉਠਾਇਆ।

**ਦੋ ਰੋਜ਼ਾਂ ਮੁਫਤ ਦੰਦਾਂ ਦਾ ਕੈਂਪ :** ਡਾਕਟਰ ਮਨਤਾਰ ਸਿੰਘ ,ਡਾਕਟਰ ਗੁਰਿੰਦਰ ਮੋਹਨ ਸਿੰਘ ਡਾ: ਨਵਦੀਪ ਸਿੰਘ (ਲੱਕੀ) ਵੱਲੋਂ ਮੁਫ਼ਤ ਦੰਦਾਂ ਦਾ ਕੈਂਪ ਲਾਇਆ ਗਿਆ।

**ਸਟੇਜ ਦੀ ਸਜਾਵਟ :** ਸ੍ਰ: ਬਲਬੀਰ ਸਿੰਘ ਪ੍ਰਧਾਨ ਗੁਰੂ ਤੇਗ ਬਹਾਦਰ ਸੇਵਾ ਦਲ ਦੀ ਨਿਗਰਾਨੀ ਹੇਠ ਸੇਵਾ ਦਲ ਦੇ ਨੌਜਵਾਨਾਂ ਨੇ ਸਵੇਰੇ-ਸ਼ਾਮ ਸਟੇਜ ਸਜਾਵਟ ਦੀ ਪਿਆਰ ਸਹਿਤ ਸੇਵਾ ਕੀਤੀ।

**ਧੰਨਵਾਦ :** ਸ੍ਰੀਮਾਨ ਸੰਤ ਭਾਈ ਕਾਹਨ ਸਿੰਘ ਜੀ ਸੇਵਾ ਪੰਥੀ ਨੇ ਸਮਾਗਮ ਵਿੱਚ ਸ਼ਾਮਲ ਹੋਏ ਪ੍ਰਚਾਰਕਾਂ, ਕਥਾਕਾਰਾਂ, ਕੀਰਤਨੀ ਜੱਥਿਆਂ, ਸੰਤਾ-ਮਹੰਤਾਂ ਤੇ ਸਾਧ ਸੰਗਤ ਜੀ ਦਾ ਤਹਿ ਦਿੱਲੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਸ਼ਾਮਲ ਹੋ ਕੇ ਗੁਰਬਾਣੀ, ਕਥਾ, ਕੀਰਤਨ ਦਾ ਅਨੰਦ ਮਾਣਿਆ ਤੇ ਧੰਨ ਭਾਈ ਜਗਤਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਇਸ ਮਹਾਨ ਯੱਗ ਸਮਾਗਮ ਦੀ ਵੀਡਿਓ ਤੇ ਟੀ.ਵੀ. ਕਵਰਿਜ਼ ਸੰਤ ਭੁਪਿੰਦਰ ਸਿੰਘ ਜੀ ਦੇ ਸਹਿਯੋਗ ਤੇ ਅਗਵਾਈ ਵਿੱਚ ਤਾਰਾ ਚੈਨਲ ਵੱਲੋਂ ਕੀਤੀ ਗਈ।

ਸ: ਸੰਪਾਦਕ

# बाबाणीयां कहाणीयां

## (भाई हजारी जी)

जोगिन्दर सिंघ 'सागर'

सर्दी का मौसम और दोपहर का समय था। भाई जगता जी तख्तपोश पर बैठे प्रभु सिमरन में मग्न थे। भाई हजारी जी भी उनके पास नीचे बैठे थे। भाई जगता जी किसी मौज में आये और आज्ञा दी कि टिकारो के सभी साधु सन्तों और सेवादारों को बुलाया जाए। आज्ञा का पालन हुआ। भाई सहाई राम, भाई भाग, भाई मूला, भाई लीला राम, भाई मताब, भाई जुआया, भाई जस्सा सिंह, बस्ती राम आदि धर्मशाला में रहने वाले समस्त साधु आ उपस्थित हुए और प्रणाम करके बैठ गये। इनके अतिरिक्त बहुत सारे नगर निवासी भी बुला लिए गये। सब के इकत्र हो जाने पर भाई जगता जी ने भाई हजारी जी को सम्बोघन करके कहा कि भाई हजारी ! मैं तुम्हें जो आज्ञा करूंगा मानोगे ? भाई हजारी जी ने सर झुका कर कहा कि महाराज ! आप आज्ञा करें और यह सेवक नही माने, ऐसा कभी हो नही सकता। आपका हुकम सिर माथे मानूंगा। आपके चरणों की धूल हूँ। भाई जगता जी ने वचन किया कि मेरा अन्तिम समय आ पहुंचा है। मैं चाहता हूँ कि अब टिकारो (डेरे) की सेवा सम्माल तेरे को सौंप दूं। मेरी यह इच्छा तुझे पूरी करनी होगी, यही मेरी आज्ञा है। यह सुन कर भाई हजारी जी चरनों पर गिर पड़े और निम्रता पुर्वक विनय की कि महाराज ! मैं इतना बड़ा बोझ संभालने के योग्य नही हूँ। इतनी बड़ी जिमेदारी मैं बेसमझ आदमी कैसे सम्भालूंगा ? किसी योग्य व्यक्ति को सौंपे तो ठीक रहेगा। (आज कल तो गद्दी लेने के लिये योग्य अयोग्य सब यत्न जुटाये जाते है) दया मूर्ति, सेवा पंथी, पूर्ण पुरूष भाई जगता जी ने बचन किया कि हजारी का तो नाम है, काम, करतार चलावैगा।

**जिसका कारज तिनही कीया मानस क्या विचारा राम**

घबराओ नहीं सारी दुनिया तेरी ओर देखेगी। निरंकार तेरा सहाई होवेगा। मैं सदैव तेरे अंग संग रहूंगा। सभी साधु सन्त तेरी आज्ञा में रहेंगें। घन पदार्थो की कमी कभी न आयेगी। तेरे भंडार भरे रहेंगें। आसरा (आश्रय) गुरू नानक का रखना । सेवा सिमरन और परोपकार की धारा निरन्तर बहती

रहे, कभी रूकने न पाये। मानव, पशु पंछी और जीव जन्तु सब को गोविन्द रूप जान कर उनकी सेवा करना। यह कहते हुए भाई जगता ने अपने बरकत भरे दोनो हाथ हजारी जी के सिर पर रख दिये और वह धन्य हो गया। सभी साधु सन्तों और संगत को आज्ञा दी कि भाई हजारी को मेरा ही रूप जानना व इसकी आज्ञा में रहना। यह कह कर भाई जगता जी ने भाई हजारी को प्रराम् किया। समस्त साधु सन्तों और संगत ने भी नतमस्तक हो सादर प्रणाम किया और उनकी जय जय कार की। भाई हजारी जी की आखों में आंसू थे और शीश भाई जगता के चरणों पर था। इस प्रकार गुरू चेले का एकीकरण हुआ।

**'राम कबीरा एक भये हैं कोऊ न सके पछानि'**

## नित्य क्रम

**गुरू सतगुरू का जो सिख अखाये सो भलके उठ हरिनाम धियावै**

गुरू की इस आज्ञा का पालन भाई हजारी जी ने जीवन भर किया। आप पहर रात रहते (अमृत वेले) उठते और स्नान करके सिमरन में जुड़ जाते थे। श्री गुरू ग्रन्थ साहिब का प्रकाश करते और गुरबाणी पढ़नी शुरू कर देते थे। सूर्य उदय तक पाठ पढते ही रहते थे। फिर किसी साधु महात्मा या श्रद्वालु के आ जाने पर उसे ताबिया (पाठ पर) बैठा कर स्वंय सेवा कार्यो में जुट जाते। गायों को चारा डालते, दूध दोह कर लंगर में पहुचाते और फिर गोबर इकट्ठा करने लग जाते। सारी सफाई आप स्वयं करते। कुएं से पानी भर कर लंगर में पहुंचाना, सेहन और सराये में झाड़ू लगाना फिर आये गये (अतिथियों) की सेवा सम्भाल में लग जाना आपका नित्य क्रम था। इस प्रकार आप सारा दिन कुछ न कुछ करते ही रहते।

सांय होते ही घड़ियाल (शंख) बजा कर सन्घया के पाठ कीर्तन व सत्संग में संलग्न हो जाते। देर रात तक यह कार्यक्रम चलता रहता था। इस प्रकार आप सदैव 'ऊठत बैठत सोवत नाम' वाली अवस्था में रहते। यह नियम आपने जीवन भर निभाया और इस में कभी विलम्ब नहीं आने दिया। यदि कोई आप से इस निरन्तर साधना के प्रति पूछ लेता तो आप निम्रता पूर्वक उत्तर देते कि यह स्थान सतगुरू का है। यहां रहकर आये गये अतिथि

अभयागत की टहिल सेवा करके जो सुख शान्ति और प्रसन्नता मिलती है और किसी भी पुण्य कर्म में नहीं मिल सकती।

**सेवा करत होय निहकामी**
**तिसको होत प्राप्त स्वामि''**

सेवा ही मेरी साधना है, उपासना है, जप तप है, तीर्थ और भक्ति है। प्रमात्मा की रचना (मानव मात्र और जीव जन्तुओं) को सुख देकर जो खुशी प्राप्त होती है वह स्वर्ग से भी अधिक कीमती है।

**विच दुनिया सेव कामाइये**
**तां दरगह बैसण पाइये**

ऐसे महान सेवा पंथी हुए हैं भाई हजारी जी महाराजा

## पूर्ण पुरुष

मिठा टिवाणा के डेरे पर काफी साधु सन्त रहते थे। उस टिकारो पर धर्म, सन्यास, धैर्य, सहनशीलता, उदारता, क्षमा दया आदि विषयों पर प्रायः विचार चर्चा चलती रहती थी। एक दिन भाई धजा जी ने प्रश्न कर दिया कि वर्तमान समय के साधु सन्तों व पीरों फकीरों में कोई ऐसा महापुरूष है जिसमें उक्त सारे गुरा विद्मान (मौजूद) हों। मेरे विचार में तो आज कल ऐसा महात्मा मिलना बहुत कठिन है। उस सत्संग में एक ऐसा साधु भी उपस्थित था जिसने नूर पुर में भाई हजारी जी के दर्शन किये थे और उनके साथ कुछ दिन व्यतीत किये थे। वह साधु कहने लगा कि हैं। ऐसे महापुरूष अब भी हैं। नूरपुर थल के टिकारों के परम सन्त भाई हजारी जी ऐसे पूर्रा–पुरूष है जो इन सारे गुणों के भंडार तों है ही साथ में सेवा, सिमरन और परोपकार के साक्षात स्वरूप भी हैं। मुझे उस पुरूषोतम आत्मा का दर्शन करने और कुछ दिन उनकी संगत में रहने का सौभाग्य प्राप्त हुआ है। उनके केवल दर्शन मात्र से ही गुरू की याद आ जाती है, मन शान्त हो जाता है।
संगत में उपस्थित सभी साधु सन्तों ने सिर झुकाया और बलिहार ! बलिहार पुकारने लगे। ऐसे पूर्रा पुरूष थे भाई हजारी जी।

**साधु के संग नहीं किछ घाल।**
**दर्शन भेटत होत निहाल।**

# ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ

- ਜੋਗਿੰਦਰ ਸਿੰਘ 'ਸਾਗਰ'

ਅਨੰਦਪੁਰ ਦਾ ਬਾਦਸ਼ਾਹ - ਮਾਛੀਵਾੜੇ ਦਾ ਦਰਵੇਸ਼
ਹੇਮਕੁੰਟ ਦਾ ਤਪੱਸਵੀ - ਪਟਨੇ ਦਾ ਲਾਡਲਾ ਲਾਲ
ਪਾਉਂਟੇ ਦਾ ਮਹਾਂਕਵੀ - ਦਮਦਮੇ ਦਾ ਮਹਾਂਵਿਦਵਾਨ
ਭੀਖਣ ਸ਼ਾਹ ਦਾ ਕਾਬਾ - ਬੁਧੂ ਸ਼ਾਹ ਦਾ ਪੀਰ
ਚਮਕੌਰ ਦਾ ਸੈਨਾਪਤੀ - ਭੰਗਾਣੀ ਦਾ ਸੂਰਵੀਰ
ਮੁਕਤਸਰ ਦਾ ਬਖਸ਼ਣਹਾਰ - ਜ਼ਫ਼ਰਨਾਮੇ ਦਾ ਸਾਹਿਤਕਾਰ

ਅਮ੍ਰਿਤ ਦਾ ਦਾਤਾ, ਪੰਥ ਦਾ ਵਾਲੀ, ਤੇਗ ਦਾ ਧਨੀ
ਸਰਬੰਸ ਦਾਨੀ ਤੇ ਮਜਲੂਮਾਂ ਦਾ ਮਦਦਗਾਰ ।
ਸ਼ਹੀਦ ਪਿਤਾ ਦਾ ਪੁੱਤਰ ਤੇ ਸ਼ਹੀਦ ਪੁਤਰਾਂ ਦਾ ਪਿਤਾ ।
ਜੋ
ਸੀਸ ਮੰਗਦਾ ਹੈ ਤਾਂ ਸੀਸ ਵਾਰਦਾ ਵੀ ਹੈ ।
ਹੁਕਮ ਦੇਂਦਾ ਹੈ ਤਾਂ (ਖਾਲਸੇ ਦਾ) ਹੁਕਮ ਮੰਨਦਾ ਵੀ ਹੈ ।
ਅਮ੍ਰਿਤ ਵੰਡਦਾ ਹੈ ਤਾਂ ਅਮ੍ਰਿਤ ਮੰਗਦਾ ਵੀ ਹੈ ।
ਜੇ ਗੁਰੂ ਹੈ ਤਾਂ (ਖਾਲਸੇ) ਦਾ ਚੇਲਾ ਵੀ ਹੈ ।

'ਧਰਮ ਚਲਾਵਣ' 'ਸੰਤ ਉਬਾਰਨ' ਵਾਲਾ ਹੈ,
ਤਾਂ, ਦੁਸ਼ਟ ਸਭਨ ਕੋ ਮੂਲ ਉਪਾਰਨ ਵਾਲਾ ਵੀ ਹੈ ।
ਭਾਈ ਜੈਤੇ ਨੂੰ ਗਲਵਕੜੀ ਵਿੱਚ ਲੈ ਕੇ ਵਰ ਦਿੰਦੇ ।
ਤਾਂ ਸੇਵਾ ਪੰਥ ਦਾ ਭਾਈ ਘੱਨਈਏ ਨੂੰ ਵੀ ਵਰ ਦੇਂਦੇ ।

ਜੇ ਦੁਸ਼ਟ ਦਮਨ ਹੈ ਤਾਂ ਗਰੀਬ ਨਿਵਾਜ਼ ਵੀ ਹੈ ।
ਜੇ ਅਕਾਲ ਦਾ ਉਪਾਸਕ ਹੈ ਤਾਂ ਸੱਚ ਦੀ ਆਵਾਜ਼ ਵੀ ਹੈ ।
ਜੇ ਹੱਕ ਪ੍ਰਸਤ ਹੈ ਤਾਂ ਹੱਕ ਸ਼ਨਾਸ ਵੀ ਹੈ ।
ਮਾਨਵਵਾਦ ਵਿੱਚ ਉਹਦਾ ਦ੍ਰਿੜ੍ਹ ਵਿਸ਼ਵਾਸ ਵੀ ਹੈ

ਜੇ ਸੱਚਾ ਪਾਤਸ਼ਾਹ ਹੈ ਤਾਂ ਗੁਲਾਮਿ ਅਕਾਲ ਵੀ ਹੈ ।
ਸੰਤ ਸਿਪਾਹੀ ਦੀ ਜਿੰਦਾ ਮਿਸਾਲ ਵੀ ਹੈ ।
ਉਹਦੇ ਚਿਹਰੇ ਤੇ ਨੂਰੀ ਜਲਾਲ ਵੀ ਹੈ ।
ਗੁਰੂ ਗੋਬਿੰਦ ਸਿੰਘ ਸਾਹਿਬ ਏ ਕਮਾਲ ਹੀ ਹੈ ।

# ਦਫ਼ਤਰ ਵਰ-ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਮੁੱਖ ਇੰਚਾਰਜ ਸ: ਅਵਤਾਰ ਸਿੰਘ 'ਪ੍ਰੀਤ' ਫ਼ੋਨ : 0164-262098, ਫੈਕਸ : 262657

ਜਿਨ੍ਹਾਂ ਨੇ ਦਫਤਰ ਘਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ/ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀਂ ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ/ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਕੰਨਿਆਂ ਦੀ ਲੋੜ

1 ਅਰੋੜਾ ਖਤਰੀ ਛੱਤਵਾਲ, B.com, Two Years Computer Course, 23 ਸਾਲ, 5'11", ਆਪਣਾ ਬਿਜ਼ਨੈੱਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। ਬਾਕਸ ਨੰ: 2089

2 ਸਹਿਜਧਾਰੀ ਸਿੱਖ ਕਾਮਰੇ, M.A.B.Ed. 29 ਸਾਲ, 5'10" ਆਪਣਾ ਨਿੱਜੀ ਪ੍ਰਾਈਵੇਟ ਸਕੂਲ ਚਲਾ ਰਹੇ ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। ਬਾਕਸ ਨੰ: 2090

3 ਅਰੋੜਾ ਸਿੱਖ ਗੁੰਬਰ, ਅੰਡਰ ਮੈਟ੍ਰਿਕ, 34 ਸਾਲ, 5'7", ਤਲਾਕਸ਼ੁਦਾ, ਆਪਣਾ ਕੰਮ ਕਰਦੇ ਲਈ ਯੋਗ ਕੰਨਿਆਂ ਦੀ ਲੋੜ ਹੈ। ਬਾਕਸ ਨੰ: 2091

4 ਅਰੋੜਾ ਸਿੱਖ ਆਹੂਜਾ, B.E., MBA. 29 ਸਾਲ, 6', ਦਿੱਲੀ ਵਿੱਚ Engg. ਲੜਕੇ ਲਈ ਦਿੱਲੀ ਜਾਂ ਉਸਦੇ ਨਜ਼ਦੀਕ ਪੜ੍ਹੀ ਲਿਖੀ ਕੰਨਿਆ ਦੀ ਲੋੜ ਹੈ। ਬਾਕਸ ਨੰ: 2092

5 ਅਰੋੜਾ ਸਿੱਖ ਮੱਕੜ, 10 ਪਾਸ, 21 ਸਾਲ, 5'7", ਆਪਣਾ ਕਾਰੋਬਾਰ ਕਰਦੇ ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। ਬਾਕਸ ਨੰ: 2093

## ਵਰ ਦੀ ਲੋੜ

1 ਅਰੋੜਾ ਸਿੱਖ ਇਛਪੁਨਿਹਾਨੀ, ਐਮ. ਏ. (ਹਿਸਟਰੀ), Diploma in Fashion Designing, 26 ਸਾਲ, 5' 2" ਕੰਨਿਆ ਲਈ ਚੰਗੇ ਬਿਜ਼ਨੈੱਸਮੈਨ ਜਾਂ ਚੰਗੀ ਸਰਵਿਸ ਵਾਲੇ ਯੋਗ ਵਰ ਦੀ ਲੋੜ ਹੈ। ਬਾਕਸ ਨੰ : 1089

2 ਅਰੋੜਾ ਸਿੱਖ ਧਵਨ, +2 ਪਾਸ, 27 ਸਾਲ, 5' 3" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਬਾਕਸ ਨੰ : 1090

3 ਖੱਤਰੀ ਅੱਧਲੱਖਾ, ਬੀ. ਏ., 36 ਸਾਲ, 5' 1" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਅੱਖਾਂ ਵਿੱਚ ਥੋੜਾ ਫ਼ਰਕ ਹੈ। ਬਾਕਸ ਨੰ : 1091

4 ਅਰੋੜਾ ਸਿੱਖ ਸਚਦੇਵਾ, ਬੀ. ਏ., +2 ਅਤੇ A.N.M. Course, 21 ਸਾਲ, 5' 2" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਬਾਕਸ ਨੰ : 1092

5 ਸਹਿਜਧਾਰੀ ਅਰੋੜਾ ਰਹੇਜਾ, ਤਲਾਕਸ਼ੁਦਾ, 25 ਸਾਲ, B.A. Final, 5'2" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਬਾਕਸ ਨੰ: 1093

ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ਼੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਜਨਤਾ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਫ਼ਰਵਰੀ 2002 ਨੂੰ ਜਾਰੀ ਕੀਤਾ।

ਸਰਦਾਰਨੀ ਸੁਰਿੰਦਰ ਕੌਰ ਬਾਦਲ ਸੁਪੱਤਨੀ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਜੀ ਬਾਦਲ ਯੱਗ ਸਮਾਗਮ ਦੌਰਾਨ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਵਿਖੇ ਪਧਾਰੇ (14-1-2002)



ਸੰਤ ਬਾਬਾ ਤੀਰਥ ਸਿੰਘ ਜੀ ਪਾਸੋਂ ਬੀਬੀ ਜੀ ਸਰੋਪਾ ਪ੍ਰਾਪਤ ਕਰਦੇ ਹੋਏ ।



ਬਾਬਾ ਜੀ, ਸ: ਸੁਹੇਲ ਸਿੰਘ ਜੀ ਅਤੇ ਬੀਬੀ ਸੁਰਿੰਦਰ ਕੌਰ ਬਾਦਲ ਵਿਚਾਰ ਵਟਾਂਦਰਾ ਕਰਦੇ ਹੋਏ ਸੰਤ ਰਣਜੀਤ ਸਿੰਘ, ਸੰਤ ਭੁਪਿੰਦਰ ਸਿੰਘ, ਸੰਤ ਗੁਰਚਰਨ ਸਿੰਘ ਨਾਲ ਖੜੇ ਨਜ਼ਰ ਆ ਰਹੇ ਹਨ ।



ਯੱਗ ਸਮਾਗਮ ਦੌਰਾਨ ਲਗਾਏ ਗਏ ਮੈਡੀਕਲ ਕੈਂਪ ਦੀ ਸੰਤ ਬਾਬਾ ਕਾਹਨ ਸਿੰਘ ਜੀ ਅਰਦਾਸ ਕਰਕੇ ਪ੍ਰਾਰੰਭਤਾ ਕਰਦੇ ਹੋਏ (14, 15 ਜਨਵਰੀ 2002)



13-1-2002 ਨੂੰ ਹੋਏ ਕੰਠ ਸ਼ੁੱਧ ਗੁਰਬਾਣੀ ਉਚਾਰਣ ਮੁਕਾਬਲਿਆਂ ਦੇ ਜੇਤੂਆਂ ਨੂੰ ਸੇਠੀ ਜੀ (ਮੁੰਬਈ ਵਾਲੇ) ਅਤੇ ਸੰਤ ਬਾਬਾ ਕਾਹਨ ਸਿੰਘ ਜੀ ਇਨਾਮ ਵੰਡਦੇ ਹੋਏ ।

Bhai Kanhaiya Sewa Joti (Monthly) R.N.I. Regd. No. 046716/84
Regd. No. TECH/47-5(PB-0028)/2002 Chd. Dt. 27-11-2001

ਕਲਜੁਗ ਮਹਿ ਕੀਰਤਨੁ ਪਰਧਾਨਾ ।।



ਸੰਤ ਬਾਬਾ ਰਾਮ ਸਿੰਘ ਜੀ ਨਾਨਕਸਰ ਸੀਂਗੜਾ ਨਾਮ ਸਿਮਰਨ ਅਭਿਆਸ ਕਰਾਉਂਦੇ ਹੋਏ ।



ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਭਾਈ ਨਿਰਮਲ ਸਿੰਘ ਜੀ ਕੀਤਰਨ ਸਰਵਣ ਕਰਵਾਉਂਦੇ ਹੋਏ ।



ਮਹੰਤ ਸੁਰਿੰਦਰ ਸਿੰਘ ਜੀ ਮਿੱਠਾ ਟਿਵਾਣਾ ਅੰਮ੍ਰਿਤਸਰ ਵਾਲੇ ਅੰਮ੍ਰਿਤ ਕੀਰਤਨ ਦੀ ਵਰਖਾ ਕਰਦੇ ਹੋਏ ।



ਮਹੰਤ ਮਹਿੰਦਰ ਸਿੰਘ ਜੀ ਪਹਾੜ ਗੰਜ ਦਿੱਲੀ ਵਾਲੇ ਮਨੋਹਰ ਕੀਰਤਨ ਕਰਦੇ ਹੋਏ ।

JANTA PRINTING PRESS # 0164-250995